ਕੈਨੇਡਾ ਦਰਪਣ

ਫਰਵਰੀ 14, 1986

February 14, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

WEEKENDING FEBRUARY 14, 1986 Vol. 5 No. 06 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604) 581-4473

'ਸਰਬੱਤ ਖਾਲਸਾ' ਕਨਵੈਨਸ਼ਨ 16 ਫ਼ਰਵਰੀ ਨੂੰ

ਸ਼੍ਰੋਮਣੀ ਕਮੇਟੀ ਵਲੋਂ ਚੈਲੰਜ ਕਬੂਲ

ਜਥੇਦਾਰ ਮਹਾਲੋਂ ਨੇ ਅਸਤੀਫ਼ਾ ਨਹੀਂ ਦਿੱਤਾ

ਅੰਮ੍ਰਿਤਸਰ — ਗਰਮਦਲੀਆਂ ਵਲੋਂ ਦਿਤੇ ਗਏ ਚੈਲੰਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਬੂਲ ਕਰ ਲਿਆ ਗਿਆ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੇ 'ਸਰਬੱਤ ਖਾਲਸਾ' ਕਨਵੈਨਸ਼ਨ 16 ਫਰਵਰੀ ਨੂੰ ਸ੍ਰੀ ਅਕਾਲ ਤਖਤ ਬੁਲਾ ਲਈ ਹੈ। ਪੰਜ ਸਿੰਘ ਸਾਹਿਬਾਨ ਨੇ ਆਪਣਾ ਕੀਤਾ ਗੁਰਮਤਾ ਪੇਸ਼ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਹੀ ਸਿੱਖਾਂ ਦੀ ਪ੍ਰਤੀਨਿਧ ਹੈ ਅਤੇ ਇਸੇ ਨੂੰ ਹੱਕ ਹਾਸਲ ਹੈ ਕਿ ਸਿੱਖ ਪੰਥ ਬਾਰੇ ਕੋਈ ਫੈਸਲਾ ਕਰੇ।

ਪਿਛਲੇ ਹਫਤੇ ਹੋਈ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੀ ਮੀਟਿੰਗ ਨੇ ਦਮਦਮੀ ਟਕਸਾਲ ਵਲੋਂ ਸ਼ੁਰੂ ਕੀਤੀ ਕਾਰ-ਸੇਵਾ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਵਲੋਂ ਬੁਲਾਈ 'ਸਰਬੱਤ ਖਾਲਸਾ' ਕਨਵੈਨਸ਼ਨ ਦੇ 'ਫੈਸਲੇ' ਸ਼੍ਰੋਮਣੀ ਕਮੇਟੀ ਉਤੇ ਲਾਗੂ ਨਹੀਂ ਹੁੰਦੇ।

ਜਥੇਦਾਰ ਮਹਾਲੋਂ ਵਲੋਂ ਇਨਕਾਰ

ਦਮਦਮੀ ਟਕਸਾਲ ਵਲੋਂ ਬੁਲਾਈ ਗਈ ਕਨਵੈਨਸ਼ਨ ਵਿਚ ਇਹ ਮੰਗ ਕੀਤੀ ਗਈ ਸੀ ਕਿ ਸਾਰੇ ਜਥੇਦਾਰ ਸਾਹਿਬਾਨ ਆਪਣੇ ਅਸਤੀਫ਼ੇ ਦੇ ਦੇਣ ਅਤੇ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਜਥੇਦਾਰ ਮਹਾਲੋਂ ਸ੍ਰੀ ਕੇਸਗੜ੍ਹ ਸਾਹਿਬ ਨੇ ਆਪਣਾ ਅਸਤੀਫਾ ਦੇ ਦਿਤਾ ਹੈ। ਪਰ ਜਥੇਦਾਰ ਮਹਾਲੋਂ ਨੇ ਇਸ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਕੋਈ ਅਸਤੀਫਾ ਨਹੀਂ ਦਿਤਾ।

'ਜਥੇਦਾਰ' ਗੁਰਦੇਵ ਸਿੰਘ ਦਾ ਬਿਆਨ

ਦਮਦਮੀ ਟਕਸਾਲ ਵਲੋਂ ਥਾਪੇ ਗਏ 'ਜਥੇਦਾਰ' ਗੁਰਦੇਵ ਸਿੰਘ ਨੂੰ ਜਦ ਇਹ ਪੁਛਿਆ ਗਿਆ ਕਿ ਸ਼੍ਰੋਮਣੀ ਕਮੇਟੀ ਵਲੋਂ 'ਸਰਬੱਤ ਖਾਲਸਾ' ਕਨਵੈਨਸ਼ਨ ਵਿਚ ਉਹ ਹਿਸਾ ਲੈਣਗੇ ਤਾਂ 'ਜਥੇਦਾਰ' ਨੇ ਕਿਹਾ ਕਿ ਉਹ ਅਜਿਹੀ ਕਨਵੈਨਸ਼ਨ ਦਾ ਸੁਆਗਤ ਕਰਦੇ ਹਨ ਤੇ ਉਹ ਜ਼ਰੂਰ ਹਿਸਾ ਲੈਣਗੇ ਅਤੇ ਮਤੇ ਵੀ ਪੇਸ਼ ਕਰਨਗੇ।

ਨਕੋਦਰ ਵਿਚ ਕਰਫ਼ਿਊ — ਚਾਰ ਹਲਾਕ

ਜਲੰਧਰ — ਪਤਾ ਲੱਗਾ ਹੈ ਕਿ ਨਕੋਦਰ ਵਿਚ ਇਕ ਧਾਰਮਿਕ ਅਸਥਾਨ ਨੂੰ ਨੁਕਸਾਨ ਪਹੁੰਚਾਏ ਜਾਣ ਉਤੋਂ ਝਗੜਾ ਹੋਣ ਕਾਰਨ ਪੁਲਸ ਗੋਲੀ ਨਾਲ ਚਾਰ ਵਿਅਕਤੀ ਮਾਰੇ ਗਏ ਹਨ। ਸ਼ਹਿਰ ਵਿਚ ਕਰਫ਼ਿਊ ਲਾਗੂ ਹੈ।

ਰਾਵੀ-ਬਿਆਸ ਦਾ ਪਾਣੀ ਵੰਡਣ ਬਾਰੇ ਟ੍ਰਿਬਿਊਨਲ

ਨਵੀਂ ਦਿੱਲੀ — ਰਾਵੀ ਅਤੇ ਬਿਆਸ ਦਰਿਆਵਾਂ ਦੇ ਪਾਣੀ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚਕਾਰ ਵੰਡਣ ਦਾ ਫੈਸਲਾ ਕਰਨ ਬਾਰੇ ਕੇਂਦਰੀ ਸਰਕਾਰ ਨੇ ਸੁਪਰੀਮ ਕੋਰਟ ਦੇ ਜੱਜ ਜਸਟਿਸ ਬਾਲਾਕ੍ਰਿਸ਼ਨਾ ਇਰਾਡੀ ਦੀ ਅਗਵਾਈ ਹੇਠ ਟ੍ਰਿਬਿਊਨਲ ਕਾਇਮ ਕਰਨ ਦਾ ਐਲਾਨ ਕੀਤਾ ਹੈ। ਇਸ ਟ੍ਰਿਬਿਊਨਲ ਨੂੰ ਛੇ ਮਹੀਨਿਆਂ ਦੇ ਅੰਦਰ ਅੰਦਰ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ।

ਸੰਤ ਲੌਂਗੋਵਾਲ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਿਚਕਾਰ ਹੋਏ ਸਮਝੌਤੇ ਦੀ ਇਕ ਹੋਰ ਧਾਰਾ ਨੂੰ ਅਮਲੀ ਰੂਪ ਦੇਣ ਦੇ ਉਦੇਸ਼ ਨਾਲ ਹੀ ਇਹ ਟ੍ਰਿਬਿਊਨਲ ਕਾਇਮ ਕੀਤਾ ਗਿਆ ਹੈ। ਪਾਣੀਆਂ ਦੀ ਵੰਡ ਬਾਰੇ ਟ੍ਰਿਬਿਊਨਲ ਕਾਇਮ ਕਰਨ ਬਾਰੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਲੋਂ ਆਰਡੀਨੈਂਸ ਜਾਰੀ ਕੀਤਾ ਗਿਆ।

ਸਰਕਾਰੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਟ੍ਰਿਬਿਊਨਲ ਇਨ੍ਹਾਂ ਰਾਜਾਂ ਦੇ ਪਾਣੀ ਦੀ ਵਰਤੋਂ ਅਤੇ ਵੰਡ ਬਾਰੇ ਕਲੇਮਾਂ ਦਾ ਨਿਪਟਾਰਾ ਕਰੇਗਾ। ਪਹਿਲੀ ਜੁਲਾਈ 1985 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਜੋ ਪਾਣੀ ਮਿਲ ਰਿਹਾ ਸੀ ਪਾਣੀ ਦੀ ਉਤਨੀ ਮਿਕਦਾਰ ਬਰਕਰਾਰ ਰਹੇਗੀ ਅਤੇ ਬਾਕੀ ਬਚਦੇ ਪਾਣੀ ਦੀ ਵੰਡ ਪੰਜਾਬ ਅਤੇ ਹਰਿਆਣਾ ਵਿਚ ਕਰਨ ਬਾਰੇ ਟ੍ਰਿਬਿਊਨਲ ਵਲੋਂ ਫੈਸਲਾ ਦਿਤਾ ਜਾਵੇਗਾ। ਟ੍ਰਿਬਿਊਨਲ ਆਪਣੇ ਕੰਮ ਕਾਜ ਵਿਚ ਸਹਾਇਤਾ ਲਈ ਦੋ ਜਾਂ ਵਧੇਰੇ ਮਾਹਿਰਾਂ ਦੀ ਨਿਯੁਕਤੀ ਕਰ ਸਕੇਗਾ। ਸਰਕਾਰ ਵਲੋਂ ਕਿਹਾ ਗਿਆ ਹੈ ਕਿ ਟ੍ਰਿਬਿਊਨਲ ਵਲੋਂ ਦਿੱਤੇ ਫੈਸਲੇ ਨੂੰ ਸਰਕਾਰੀ ਗਜ਼ਟ ਵਿਚ ਛਾਪਿਆ ਜਾਵੇਗਾ ਅਤੇ ਇਸ ਦਾ ਫੈਸਲਾ ਮੰਨਣਾ ਸਭਨਾਂ ਧਿਰਾਂ ਲਈ ਜ਼ਰੂਰੀ ਹੋਵੇਗਾ ਅਤੇ ਇਸ ਸਮੇਂ ਜੋ ਕਾਨੂੰਨ ਲਾਗੂ ਹਨ ਉਹ ਟ੍ਰਿਬਿਊਨਲ ਕਾਇਮ ਕਰਨ ਬਾਰੇ ਜਾਰੀ ਆਰਡੀਨੈਂਸ ਉਤੇ ਪ੍ਰਭਾਵੀ ਨਹੀਂ ਹੋਣਗੇ।

ਪੁਲਸ ਕੰਪਲੈਕਸ ਵਿਚ ਨਹੀਂ ਜਾਵੇਗੀ — ਸ: ਬਰਨਾਲਾ

ਚੰਡੀਗੜ੍ਹ — ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਨੇ ਇਥੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 16 ਫਰਵਰੀ ਨੂੰ 'ਸਰਬੱਤ ਖਾਲਸਾ' ਕਨਵੈਨਸ਼ਨ ਵਿਚ ਉਹ ਜ਼ਰੂਰ ਸ਼ਾਮਲ ਹੋਣਗੇ ਪਰ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਬਰਦਸਤੀ ਸ਼ੁਰੂ ਕੀਤੀ ਕਾਰ-ਸੇਵਾ ਬਾਰੇ ਫੈਸਲਾ 'ਸਰਬੱਤ ਖਾਲਸਾ' ਕਰੇਗਾ। ਉਨ੍ਹਾਂ ਕਿਹਾ ਕਿ ਬਾਬਾ ਠਾਕਰ ਸਿੰਘ ਨੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਸਮਝੌਤਾ ਕਰਕੇ ਸਭ ਕੁਝ ਤਹਿ ਕਰ ਲਿਆ ਪਰ ਗਰਮਦਲੀਆਂ ਦੇ ਦਬਾਅ ਹੇਠ ਆ ਕੇ ਆਪ ਹੀ ਸਮਝੌਤਾ ਤੋੜ ਦਿਤਾ।

ਇਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਲਸ ਜਾਂ ਨੀਮ-ਫੌਜੀ ਦਸਤੇ ਅਮਨ ਕਾਇਮ ਰੱਖਣ ਲਈ ਹਨ। ਇਸ ਲਈ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਸ ਦੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਥੋਂ ਦੇ ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਲਈ 16 ਫਰਵਰੀ ਦਾ ਦਿਨ ਵੀ ਇਮਤਿਹਾਨ ਦੀ ਘੜੀ ਹੈ। ਇਨ੍ਹਾਂ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਦੇ ਦਮਦਮੀ ਟਕਸਾਲ ਨਾਲ ਸਮਝੌਤੇ ਨੇ ਅਕਾਲੀ ਦਲ ਦੀ ਪੁਜ਼ੀਸ਼ਨ ਨੂੰ ਠੇਸ ਪੁਚਾਈ ਹੈ। ਜਥੇਦਾਰ ਟੌਹੜਾ ਦਾ ਵਿਰੋਧ ਕਈ ਅਕਾਲੀ ਵਿਧਾਇਕ ਇਸ ਲਈ ਵੀ ਕਰ ਰਹੇ ਹਨ ਕਿ ਜਥੇਦਾਰ ਟੌਹੜਾ ਇਹ ਨਹੀਂ ਚਾਹੁੰਦੇ ਕਿ ਸ: ਬਰਨਾਲਾ ਦੀ ਪੁਜ਼ੀਸ਼ਨ ਮਜ਼ਬੂਤ ਹੋਵੇ।

ਅੰਦਰ ਪੜ੍ਹੋ —
ਅਕਾਲ ਤਖਤ ਦੀ ਸੇਵਾ ਬਾਰੇ ਹਰਬੀਰ ਸਿੰਘ ਭੰਵਰ ਦਾ ਲੇਖ

'ਸਿੰਘ ਸਾਹਿਬਾਨ' ਨੇ ਚਾਰਜ ਲਿਆ

ਸ਼੍ਰੋਮਣੀ ਕਮੇਟੀ ਦੇ ਕੰਮ ਵਿਚ ਦਖਲ ਨਹੀਂ

ਅੰਮ੍ਰਿਤਸਰ — 'ਸਰਬੱਤ ਖਾਲਸਾ' ਵਲੋਂ ਹਰਿਮੰਦਰ ਸਾਹਿਬ ਦੇ ਥਾਪੇ ਗਏ ਨਵੇਂ ਗ੍ਰੰਥੀ ਭਾਈ ਬਖਸ਼ੀਸ਼ ਸਿੰਘ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਮਜ਼ਦ ਕੀਤੇ ਗਏ 'ਕਾਰਜਕਾਰੀ ਜਥੇਦਾਰ' ਭਾਈ ਗੁਰਦੇਵ ਸਿੰਘ ਨੇ ਰਸਮੀ ਤੌਰ ਉਤੇ ਕਾਰਜ ਭਾਰ ਸੰਭਾਲ ਲਿਆ। ਭਾਈ ਬਖਸ਼ੀਸ਼ ਸਿੰਘ ਨੂੰ ਜਲੂਸ ਦੀ ਸ਼ਕਲ ਵਿਚ ਲਿਆਂਦਾ ਗਿਆ। ਦੋਵਾਂ ਨੂੰ ਸਿਰੋਪੇ ਭੇਟ ਕੀਤੇ ਗਏ।

ਭਾਈ ਗੁਰਦੇਵ ਸਿੰਘ ਨੇ ਅਕਾਲ ਤਖਤ ਤੋਂ ਭਾਈ ਬਖਸ਼ੀਸ਼ ਸਿੰਘ ਦੀ ਦਰਬਾਰ ਸਾਹਿਬ ਦੇ ਮੁਖ ਗਰੰਥੀ ਵਜੋਂ ਨਿਯੁਕਤੀ ਦਾ ਐਲਾਨ ਕੀਤਾ। ਇਸ ਉਪਰੰਤ ਭਾਈ ਗੁਰਦੇਵ ਸਿੰਘ ਵਲੋਂ ਅਰਦਾਸ ਕੀਤੀ ਗਈ ਅਤੇ ਭਾਈ ਬਖਸ਼ੀਸ਼ ਸਿੰਘ ਨੇ ਗਰੰਥ ਸਾਹਿਬ ਦੀ ਬੀੜ ਖੋਲ੍ਹ ਕੇ ਵਾਕ ਲਿਆ। ਸੰਖੇਪ ਜਿਹੀ ਅਰਦਾਸ ਵਿਚ ਭਾਈ ਗੁਰਦੇਵ ਸਿੰਘ ਨੇ ਕਿਹਾ ਕਿ 'ਸਰਬੱਤ ਖਾਲਸਾ' ਦੇ ਮਤੇ ਅਨੁਸਾਰ ਨਵੇਂ ਮੁਖ ਗ੍ਰੰਥੀ ਚਾਰਜ ਸੰਭਾਲ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਸਾਹਿਬ ਸਿੰਘ ਨੇ ਪੰਥ ਨਾਲ 'ਗਦਾਰੀ' ਕੀਤੀ ਹੈ। ਉਨ੍ਹਾਂ ਨੇ ਅਕਾਲ ਤਖਤ ਦੇ ਨਿਯੁਕਤ ਕੀਤੇ ਗਏ ਨਵੇਂ ਜਥੇਦਾਰ ਭਾਈ ਜਸਬੀਰ ਸਿੰਘ ਦੀ ਫ਼ੁਰੰਤ ਰਿਹਾਈ ਦੀ ਮੰਗ ਕੀਤੀ ਜੋ ਕਿ ਇਸ ਸਮੇਂ ਸਾਗਰ ਜੇਲ੍ਹ ਵਿਚ ਨਜ਼ਰਬੰਦ ਹਨ।

ਟਕਸਾਲ ਵਲੋਂ ਕੁਝ ਰਸਮਾਂ ਕੀਤੀਆਂ ਗਈਆਂ ਪਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਇਨ੍ਹਾਂ ਸਮਾਗਮਾਂ ਵਿਚ ਹਾਜ਼ਰ ਨਹੀਂ ਸਨ। ਉਧਰ ਸ੍ਰੀ ਅਕਾਤ ਤਖਤ ਸਾਹਿਕ ਦੀ ਕਾਰ ਸੇਵਾ ਦੇ ਕੰਮ ਵਿਚ ਤੇਜ਼ੀ ਆ ਗਈ। ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕੰਪਲੈਕਸ ਉਤੇ ਮੁਕੰਮਲ ਕਬਜ਼ਾ ਕਰ ਲਿਆ ਜਾਪਦਾ ਹੈ। ਟਕਸਾਲ ਦੇ ਮੁਖ ਬੁਲਾਰੇ ਸ੍ਰੀ ਮੋਹਕਮ ਸਿੰਘ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਆਪਣਾ ਕੰਮ-ਕਾਜ ਆਮ ਵਾਂਗ ਚਲਾ ਸਕਦੀ ਹੈ। ਉਨ੍ਹਾਂ ਕਿਹਾ ਕਿ "ਸਾਡਾ ਸ਼੍ਰੋਮਣੀ ਕਮੇਟੀ ਦੇ ਰੋਜ਼ਾਨਾ ਕੰਮ-ਕਾਜ ਵਿਚ ਦਖਲ ਦੇਣ ਦਾ ਕੋਈ ਇਰਾਦਾ ਨਹੀਂ ਹੈ ਅਤੇ ਜਦੋਂ ਤਕ ਸਰਕਾਰ ਕਮੇਟੀ ਦੀਆਂ ਨਵੀਆਂ ਚੋਣਾਂ ਨਹੀਂ ਕਰਵਾ ਦਿੰਦੀ ਜਾਂ ਸਰਬੱਤ ਖਾਲਸਾ ਦੇ ਅਗਲੇ ਇਕੱਠ ਵਿਚ ਕੋਈ ਹੋਰ ਫੈਸਲਾ ਨਹੀਂ ਹੋ ਜਾਂਦਾ ਉਦੋਂ ਤਕ ਕਮੇਟੀ ਨੂੰ ਕੰਮ-ਕਾਜ ਜਾਰੀ ਰੱਖਣਾ ਚਾਹੀਦਾ ਹੈ।"

ਕਾਰ ਸੇਵਾ ਲਈ ਮਾਇਆ ਦੇਣ ਲਈ ਟੋਕਰੀਆਂ ਰੱਖ ਦਿੱਤੀਆਂ ਗਈਆਂ ਹਨ ਅਤੇ ਲੋਕ ਆਪਣੀ ਸ਼ਰਧਾ ਅਨੁਸਾਰ ਭੇਟਾ ਚੜ੍ਹਾਂ ਰਹੇ ਹਨ। ਸਿੱਖ ਧਰਮ ਦੀ ਰਵਾਇਤ ਅਨੁਸਾਰ ਇਸ ਮਾਇਆ ਦਾ ਕੋਈ ਹਿਸਾਬ ਕਿਤਾਬ ਨਹੀਂ ਰੱਖਿਆ ਜਾਂਦਾ ਅਤੇ ਨਾ ਹੀ ਕੋਈ ਰਸੀਦ ਹੀ ਦਿੱਤੀ ਜਾਂਦੀ ਹੈ।

ਕੰਪਲੈਕਸ ਦੇ ਅੰਦਰ ਅਤੇ ਬਾਹਰ ਦੂਰ ਦੂਰ ਤੱਕ ਕੇਸਰੀ ਝੰਡੇ ਲੱਗੇ ਹੋਏ ਦਿਖਾਈ ਦੇ ਰਹੇ ਹਨ। ਸ੍ਰੀ ਮੋਹਕਮ ਸਿੰਘ ਨੇ ਸਪਸ਼ਟ ਕੀਤਾ ਕਿ ਪੰਜ-ਮੈਂਬਰੀ ਕਮੇਟੀ ਦੀ ਸਹਾਇਤਾ ਲਈ 50-ਮੈਂਬਰੀ ਨਹੀਂ ਸਗੋਂ 150-ਮੈਂਬਰੀ ਕਮੇਟੀ ਬਣਾਈ ਗਈ ਹੈ।

ਸ੍ਰੀ ਗੁਰਦੇਵ ਸਿੰਘ ਨੇ ਕਿਹਾ ਕਿ ਉਹ ਗੁਰੂਆਂ ਦੇ ਕਦਮਾਂ ਉਤੇ ਚੱਲਣਗੇ ਅਤੇ ਲੋਕਾਂ ਨੂੰ ਗੁਰੂਆਂ ਦੀ ਸਿੱਖਿਆ ਬਾਰੇ ਜਾਣਕਾਰੀ ਦੇਣਗੇ ਅਤੇ ਅੰਮ੍ਰਿਤ ਪਰਚਾਰ ਕਰਨਗੇ। ਭਾਈ ਗੁਰਦੇਵ ਸਿੰਘ 37 ਸਾਲਾਂ ਦੇ ਹਨ ਜਦ ਕਿ ਭਾਈ ਬਖਸ਼ੀਸ਼ ਸਿੰਘ ਦੀ ਉਮਰ 38 ਸਾਲ ਹੈ।

ਸ਼੍ਰੋਮਣੀ ਕਮੇਟੀ ਦੇ ਸੂਤਰਾਂ ਅਨੁਸਾਰ ਸਵੇਰੇ ਪਹਿਲਾਂ ਤਾਂ ਕਮੇਟੀ ਦੇ ਸੇਵਾਦਾਰਾਂ ਨੇ ਪਾਲਕੀ ਦਾ ਚਾਰਜ ਦੇਣੋਂ ਨਾਂਹ ਕਰ ਦਿਤੀ ਅਤੇ ਗਿਆਨੀ ਜਸਵੰਤ ਸਿੰਘ ਨੇ ਚੌਰ ਹਵਾਲੇ ਕਰਨ ਤੋਂ ਵੀ ਇਨਕਾਰ ਕਰ ਦਿਤਾ ਸੀ ਪਰ ਬਾਅਦ ਵਿਚ ਉਹ ਚਾਰਜ ਦੇਣ ਲਈ ਸਹਿਮਤ ਹੋ ਗਏ। ਕਾਰ ਸੇਵਾ ਲਈ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿਚ ਕਿਹਾ ਗਿਆ ਹੈ ਕਿ ਸਿਰਫ ਖੂਨ ਪਸੀਨੇ ਨਾਲ ਕਮਾਈ ਹੋਈ ਰਕਮ ਹੀ ਲਈ ਜਾਵੇਗੀ ਅਤੇ ਸਾਬਤ ਸੂਰਤ ਵਾਲੇ ਗੁਰਸਿੱਖ ਹੀ ਕਾਰ ਸੇਵਾ ਕਰ ਸਕਣਗੇ। ਨਸ਼ੱਈਆਂ ਅਤੇ ਸਹੁੰਆਂ ਤੋੜਨ ਵਾਲਿਆਂ ਨੂੰ ਕਾਰ ਸੇਵਾ ਤੋਂ ਦੂਰ ਰਹਿਣ ਲਈ ਕਿਹਾ ਗਿਆ। ਦਰਬਾਰ ਸਾਹਿਬ ਉਤੇ ਹਮਲਾ ਕਰਨ ਦੀ ਕਾਰਵਾਈ ਵਿਚ ਭਾਈਵਾਲ ਹੋਣ ਵਾਲੇ ਵਿਅਕਤੀਆਂ ਨੂੰ ਵੀ ਕਾਰ ਸੇਵਾ ਵਿਚ ਸ਼ਾਮਲ ਨਾ ਹੋਣ ਲਈ ਕਿਹਾ ਗਿਆ ਹੈ। ਕਾਰ ਸੇਵਾ ਵਿਚ ਲੱਗੇ ਵਾਲੰਟੀਅਰਾਂ ਨੇ ਅਕਾਲ ਤਖਤ ਦੇ ਗੁੰਬਦ ਉਤੋਂ ਸੁਨਿਹਰੀ ਪੱਤਰੇ ਉਤਾਰਨੇ ਸ਼ੁਰੂ ਕਰ ਦਿੱਤੇ। ਕੋਈ 200 ਵਾਲੰਟੀਅਰਾਂ ਨੇ ਛੋਟੇ ਗੁੰਬਦ ਢਾਹ ਦਿਤੇ ਅਤੇ ਅਕਾਲ ਤਖਤ ਦੀ ਪਰਿਕਰਮਾ ਦੇ ਸੰਗਮਰਮਰ ਨੂੰ ਤੋੜਨਾ ਸ਼ੁਰੂ ਕਰ ਦਿਤਾ।

ਦੱਖਣੀ ਯਮਨ 'ਚ 11 ਭਾਰਤੀ ਮਰੇ

ਅਬੂਧਾਬੀ — ਪਿਛਲੇ ਹਫਤੇ ਦੱਖਣੀ ਯਮਨ ਦੀ ਰਾਜਧਾਨੀ ਅਦਨ ਵਿਚ ਰਾਸ਼ਟਰਪਤੀ ਅਲ ਨਾਸਰ ਮੁਹੰਮਦ ਦੇ ਫੌਜੀਆਂ ਅਤੇ ਬਾਗੀਆਂ ਵਿਚਕਾਰ ਹੋਈ ਲੜਾਈ ਦੌਰਾਨ ਬੰਬਾਰੀ ਕਾਰਨ ਘੱਟੋ ਘੱਟ 11 ਭਾਰਤੀ ਮਾਰੇ ਗਏ। ਬੰਬ ਉਸ ਥਾਂ ਜਾ ਡਿੱਗੇ ਜਿਥੇ ਭਾਰਤੀ ਲੋਕ ਕੰਮ ਕਰ ਰਹੇ ਸਨ। ਦੱਖਣੀ ਯਮਨ ਵਿਚ ਭਾਰਤੀ ਰਾਜਦੂਤ ਡੀ. ਸੀ. ਮਨਰਜ਼ ਨੇ ਫੋਨ ਰਾਹੀਂ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਕ ਹੋਰ ਘਟਨਾ ਦੌਰਾਨ ਕੁਝ ਸਿਪਾਹੀ ਉਨ੍ਹਾਂ ਦੇ ਘਰ ਅੰਦਰ ਦਾਖਲ ਹੋਏ ਤੇ ਗੋਲੀ ਚਲਾ ਕੇ ਇਕ ਨੌਕਰ ਨੂੰ ਜ਼ਖਮੀ ਕਰ ਦਿਤਾ। ਸਿਪਾਹੀਆਂ ਨੇ ਉਥੇ ਰਾਜਦੂਤ ਦੇ ਇਕ ਗੁਆਂਢੀ ਨੂੰ ਹਲਾਕ ਕਰ ਦਿਤਾ।

ਰਾਜਦੂਤ ਨੇ ਦੱਸਿਆ ਕਿ ਲਗਭਗ 500 ਭਾਰਤੀ ਦੱਖਣੀ ਯਮਨ ਵਿਚੋਂ ਬਾਹਰ ਆ ਗਏ ਹਨ ਜਦ ਕਿ 2500 ਦੇ ਕਰੀਬ ਭਾਰਤੀ ਅਜੇ ਉਥੇ ਵੱਖ ਵੱਖ ਥਾਵਾਂ ਉਤੇ ਹੀ ਫਸੇ ਹੋਏ ਹਨ। ਉਨ੍ਹਾਂ ਵਿਚੋਂ ਬਹੁਤੇ ਕਾਮੇ ਹਨ।

ਕੇਂਦਰ ਦੀ ਆਲੋਚਨਾ

ਚੰਡੀਗੜ੍ਹ — ਫੇਰੂਮਾਨ ਅਕਾਲੀ ਦਲ ਦੇ ਵਰਕਿੰਗ ਪ੍ਰਧਾਨ ਮਹੰਤ ਸੇਵਾ ਦਾਸ ਨੇ ਦੋਸ਼ ਲਾਇਆ ਹੈ ਕਿ ਕੇਂਦਰ ਨੇ ਐਨ ਮੌਕੇ ਉਤੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕਰਕੇ ਪੰਜਾਬੀਆਂ ਨਾਲ "ਧੋਖਾ" ਕੀਤਾ ਹੈ। ਉਨ੍ਹਾਂ ਨੇ ਬਿਆਨ ਵਿਚ ਕਿਹਾ ਹੈ ਕਿ ਕੇਂਦਰ ਦੀ ਇਹ ਕਾਰਵਾਈ ਉਸ ਦੇ "ਮਾੜੇ" ਇਰਾਦਿਆਂ ਬਾਰੇ ਦਸਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਇਹ ਕਾਰਵਾਈ ਪੰਜਾਬ ਨਾਲ ਹੋ ਰਹੇ ਅਨਿਆਂ ਵਿਰੁਧ ਲੜਨ ਲਈ ਉਨ੍ਹਾਂ ਨੂੰ ਮਰਨ ਵਰਤ ਰੱਖਣ ਲਈ ਮਜ਼ਬੂਰ ਕਰੇਗੀ।

ਉਨ੍ਹਾਂ ਕਿਹਾ ਕਿ ਪੈਦਾ ਹੋਈ ਨਵੀਂ ਸਥਿਤੀ ਉਤੇ ਵਿਚਾਰ ਲਈ ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ 31 ਜਨਵਰੀ ਨੂੰ ਦਿੱਲੀ ਵਿਚ ਸੱਦੀ ਗਈ ਸੀ

ਪਾਕਿ ਨੇਤਾਵਾਂ ਨੇ ਖੁਸ਼ੀ ਸਾਂਝੀ ਕੀਤੀ

ਇਸਲਾਮਾਬਾਦ — ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਤੇ ਉਨ੍ਹਾਂ ਦੇ ਚਾਰ ਕੈਬਨਿਟ ਮੈਂਬਰ ਭਾਰਤੀ ਰਾਜਦੂਤ ਐਸ. ਕੇ. ਸਿੰਘ ਵਲੋਂ ਦਿੱਤੀ ਪਾਰਟੀ ਵਿਚ ਸ਼ਾਮਲ ਹੋਏ। ਇਹ ਪਾਰਟੀ ਭਾਰਤ ਦੇ ਗਣਤੰਤਰ ਦਿਵਸ ਦੀ ਖੁਸ਼ੀ ਵਿਚ ਦਿੱਤੀ ਗਈ। ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਜੋ ਕਿ ਕਰਾਚੀ ਦੌਰੇ ਤੇ ਹਨ, ਨੇ ਬੀਤੀ ਰਾਤ ਭਾਰਤੀ ਕੌਂਸਲ ਜਨਰਲ ਆਫਤਾਬ ਸੇਠ ਵਲੋਂ ਦਿਤੀ ਇਸੇ ਤਰ੍ਹਾਂ ਦੀ ਪਾਰਟੀ ਵਿਚ ਭਾਗ ਲਿਆ। ਸ੍ਰੀ ਜੁਨੇਜੋ ਜਦੋਂ ਉਥੇ ਹਾਜ਼ਰ ਮਹਿਮਾਨਾਂ ਵਿਚਕਾਰ ਖੁਲ੍ਹ ਕੇ ਘੁੰਮ ਫਿਰ ਰਹੇ ਸਨ ਤਾਂ ਉਨ੍ਹਾਂ ਦੀ ਅਚਾਨਕ ਵਿਰੋਧੀ ਨੇਤਾ ਵਲੀ ਖਾਨ ਨਾਲ ਵੀ ਮੁਲਾਕਾਤ ਹੋ ਗਈ।

ਰਾਜਪਾਲ ਵਲੋਂ ਖੁਸ਼ੀ ਦੀ ਪਾਰਟੀ

ਚੰਡੀਗੜ੍ਹ — ਪੰਜਾਬ ਰਾਜਪਾਲ ਸ਼ੰਕਰ ਦਿਆਲ ਸ਼ਰਮਾ ਵਲੋਂ ਗਣਤੰਤਰ ਦਿਵਸ ਦੀ ਖੁਸ਼ੀ ਵਿਚ ਪੰਜਾਬ ਰਾਜ ਭਵਨ 'ਚ ਪਾਰਟੀ ਦਿਤੀ ਗਈ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਕੈਬਨਿਟ ਮੰਤਰੀ, ਵਿਧਾਇਕ, ਪੰਜਾਬ ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸੀਨੀਅਰ ਅਫਸਰ, ਫੌਜ ਤੇ ਹਵਾਈ ਫੌਜ ਦੇ ਸੀਨੀਅਰ ਅਫਸਰ, ਅਤੇ ਸ਼ਹਿਰ ਦੇ ਪਤਵੰਤੇ ਸੱਜਣ ਇਸ ਮੌਕੇ 'ਤੇ ਹਾਜ਼ਰ ਸਨ।

ਤੜਫ ਕੇ ਜਦ ਮਰ ਰਿਹਾ ਸੀ ਆਦਮੀ
ਆਦਮੀ ਹੀ ਵੇਖ ਕੇ ਹੱਸਦਾ ਰਿਹਾ।

ਦੋ ਕੇਂਦਰੀ ਮੰਤਰੀਆਂ ਵਲੋਂ ਅਸਤੀਫ਼ੇ

ਜਾਸੂਸੀ ਕਾਂਡ ਵਿਚ 7 ਪਾਰਲੀਮੈਂਟ ਮੈਂਬਰ ਸ਼ਾਮਲ

ਨਵੀਂ ਦਿੱਲੀ — ਜਾਸੂਸੀ ਕਾਂਡ ਵਿਚ ਸ਼ਾਮਲ ਰਾਮ ਸਰੂਪ ਸਭਰਵਾਲ ਨਾਲ ਸਬੰਧ ਰੱਖਣ ਕਾਰਨ ਦੋ ਕੇਂਦਰੀ ਮੰਤਰੀ ਕੇ. ਪੀ. ਸਿੰਘ ਦੇਓ ਅਤੇ ਸ੍ਰੀ ਚੰਦੂ ਲਾਲ ਚੰਦਰਾਕਰ ਨੇ ਆਪਣੇ ਅਸਤੀਫ਼ੇ ਪ੍ਰਧਾਨ ਮੰਤਰੀ ਨੂੰ ਦੇ ਦਿਤੇ ਜੋ ਮਨਜ਼ੂਰ ਕਰ ਲਏ ਗਏ ਹਨ। ਇਲੈਕਟਰੌਨਿਕ ਕਮਿਸ਼ਨ ਦਾ ਚੇਅਰਮੈਨ ਐਮ. ਐਸ. ਸੰਜੀਵੀਨ ਰਾਓ ਵੀ ਆਪਣਾ ਅਸਤੀਫ਼ਾ ਦੇ ਗਿਆ ਹੈ।

ਜਿਨ੍ਹਾਂ ਵਿਅਕਤੀਆਂ ਦੇ ਨਾਂ ਇਕ ਕਾਂਡ ਵਿਚ ਆਏ ਹਨ ਉਨ੍ਹਾਂ ਵਿਚ ਤੈਲਗੂ ਦੇਸ਼ਮ ਪਾਰਟੀ ਦੇ ਸ੍ਰੀ ਪੀ. ਉਪੇਂਦਰ, ਡਾ: ਡੀ. ਐਸ. ਜਦੇਜਾ, ਖੁਸ਼ਵੰਤ ਸਿੰਘ, ਐਮ. ਐਸ. ਗੁਰੂਪਦਾ ਸਵਾਮੀ ਅਰਵਿੰਦ ਨੇਤਮ ਸ਼ਾਮਲ ਹਨ।

ਰਾਮ ਸਰੂਪ ਉਤੇ ਦੋਸ਼ ਲੱਗਿਆ ਹੈ ਕਿ ਉਸ ਨੇ ਪਾਰਲੀਮੈਂਟ ਮੈਂਬਰਾਂ ਨਾਲ ਸਬੰਧ ਬਣਾਏ ਹੋਏ ਸਨ ਅਤੇ ਉਹ ਅਮਰੀਕੀ ਡਿਪਲੋਮੈਟਾਂ ਨੂੰ ਜਾਣਕਾਰੀ ਮੁਹੱਈਆ ਕਰਦਾ ਸੀ।

ਸਾਬਕਾ ਪ੍ਰਧਾਨ ਮੰਤਰੀ ਮੋਰਾਰਜੀ ਡੇਸਾਈ ਦਾ ਪੁੱਤਰ ਕਾਂਤੀ ਡੇਸਾਈ ਵੀ ਸ਼ਾਮਲ ਦਸਿਆ ਜਾਂਦਾ ਹੈ।

ਸਿੱਧੂ ਦੇ ਦੇਹਾਂਤ 'ਤੇ ਦੁਖ ਦਾ ਪ੍ਰਗਟਾਵਾ

ਚੰਡੀਗੜ੍ਹ — ਪੰਜਾਬ ਦੇ ਸਾਬਕਾ ਸਿਖਿਆ ਮੰਤਰੀ ਤੇ ਉਘੇ ਲੇਖਕ ਪ੍ਰੇਮ ਸਿੰਘ ਪ੍ਰੇਮ ਨੇ ਸਾਬਕਾ ਐਡਵੋਕੇਟ ਜਨਰਲ ਸ. ਭਗਵੰਤ ਸਿੰਘ ਸਿੱਧੂ ਦੇ ਦੇਹਾਂਤ ਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਕਾਂਗਰਸ ਪਾਰਟੀ ਤੇ ਦੇਸ਼ ਨੂੰ ਵੱਡਾ ਘਾਟਾ ਪਿਆ ਹੈ।

ਵਿਚ ਸੰਗਤਿ ਹਰਿ ਪ੍ਰਭ ਬਸਿਹ ਜੀਓ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

ਗੁਰੂ ਪਿਆਰੀ ਸਾਧਿ ਸੰਗਤ ਜੀਓ

ਦਾਸ ਵਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਜੋ ਕਿ ਸਾਧ ਸੰਗਤ ਦੇ ਸਹਿਯੋਗ ਦਾ ਸਦਕਾ ਗੁਰੂ ਘਰ ਨਿਊ ਵੈਸਟ ਸੁਖ ਸਾਗਰ ਸਾਹਿਬ ਵਿਖੇ 1978 ਦੀ 5 ਜੂਨ ਤੋਂ ਲੈ ਕੇ ਸੇਵਾ ਦੀ ਹਾਜਰੀ ਲਾ ਰਿਹਾ ਸੀ ਸੋ ਦਾਸ ਨੇ 1985 ਦੇ 31 ਦਸੰਬਰ ਤੋਂ ਅਸਤੀਫਾ ਦੇ ਦਿਤਾ ਹੈ।

ਸੋ ਇਹਨਾਂ ਸਾਢੇ ਸੱਤ ਸਾਲਾਂ ਦੇ ਦੌਰਾਨ ਸੇਵਾ ਕਰਦੇ ਤੋਂ ਕੋਈ ਤਰੁੱਟੀ ਰਹਿ ਗਈ ਹੋਵੇ ਜਾਂ ਕਿਸੇ ਵੀ ਬਜ਼ੁਰਗ ਮਾਈ ਅਤੇ ਭੈਣ ਭਾਈ ਨੂੰ ਖੁਸ਼ਕ ਬੋਲ ਕਿਹਾ ਗਿਆ ਹੋਵੇ ਤਾਂ ਦਾਸ ਤੇ ਸਭ ਤਰਾਂ ਕਰਕੇ ਖਿਮਾ ਕਰਨੀ ਕਿਉਂਕਿ ਬੰਦਾ ਭੁਲਣ ਹਾਰ ਹੈ ਕਿਉਂਕਿ ਸੰਗਤ ਦੀ ਦੇਣ ਦਾਸ ਸਾਰੀ ਜ਼ਿੰਦਗੀ ਕਿਤੇ ਦੇ ਨਹੀਂ ਸਕਦਾ। ਸੋ ਜੋ ਸਮੂੰਹ ਸੰਗਤਿ ਵਲੋਂ ਦਾਸ ਨੂੰ ਸਾਢੇ ਸੱਤ ਸਾਲ ਵਿਚ ਮਾਣ ਪਿਆਰ ਦੀ ਬਖਸ਼ਸ਼ ਹੋਈ ਹੈ - ਦਾਸ ਸਮੂਹ ਸੰਗਤ ਦਾ ਸਭ ਤਰ੍ਹਾਂ ਕਰਕੇ ਰਿਣੀ ਹੈ। ਸੰਗਤ ਨੇ ਹਰ ਸਮੇਂ ਆਉਣ ਤੇ ਦਾਸ ਨੂੰ ਖਿੜੇ ਮੱਥੇ ਨਿਵਾਜਿਆ ਹੈ। ਅਤੇ ਅਤੀ ਹੀ ਧੰਨਵਾਦੀ ਹਾਂ। ਦਾਸ ਨੂੰ ਯਾਦ ਕਰਨ ਸਮੇਂ ਤੇ ਫੂਨ ਨੰ:

526-2035

ਸਮੂੰਹ ਸੰਗਤ ਦਾ ਦਾਸ ਅਤੇ ਸ਼ੁਭਚਿੰਤਕ
ਭਾਈ ਮੱਲ ਸਿੰਘ ਧਾਲੀਵਾਲ

ਅਕਾਲੀ ਵਿਧਾਇਕਾਂ ਅਤੇ ਜ਼ਿਲਾ ਜਥੇਦਾਰਾਂ ਦੀ ਮੀਟਿੰਗ

ਸਿੱਖਾਂ ਨੂੰ ਪੰਥ ਦੋਖੀ ਤਾਕਤਾਂ ਵਿਰੁਧ ਡਟਣ ਦਾ ਸੱਦਾ

ਚੰਡੀਗੜ੍ਹ — ਸ਼ਰੋਮਣੀ ਅਕਾਲੀ ਦਲ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਪਰਿਕਰਮਾ ਅਤੇ ਸਿੱਖ ਧਰਮ ਦੀ ਮਰਿਆਦਾ ਭੰਗ ਕਰਨ ਵਾਲੀਆਂ 'ਤਾਕਤਾਂ' ਵਿਰੁਧ ਪੂਰੇ ਸਿੱਖ ਭਾਈਚਾਰੇ ਨੂੰ ਡਟਣ ਦਾ ਸੱਦਾ ਦਿੱਤਾ ਹੈ। ਸ਼ਰੋਮਣੀ ਅਕਾਲੀ ਦਲ ਵਲੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੀ ਪੈਦਾ ਕੀਤੀ ਹੋਈ ਵਰਤਮਾਨ ਸਥਿਤੀ ਉਤੇ ਵਿਚਾਰ ਵਟਾਂਦਰਾ ਕਰਨ ਲਈ ਪੰਥਕ ਕਨਵੈਨਸ਼ਨ ਬੁਲਾਏ ਜਾਣ ਲਈ ਕਿਹਾ। ਪੂਰੇ ਸਿੱਖ ਜਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਪਰੀਆਂ ਘਟਨਾਵਾਂ ਬਾਰੇ ਜਾਣਕਾਰੀ ਦਿਤੀ ਜਾਵੇਗੀ। ਇਸ ਨਾਲ ਸਿੱਖ ਵਿਰੋਧੀ ਅਨਸਰ ਲੋਕਾਂ ਤੋਂ ਅਲੱਗ ਥਲੱਗ ਹੋ ਕੇ ਰਹਿ ਜਾਣਗੇ।

ਇਹ ਵੀ ਪਤਾ ਲੱਗਾ ਹੈ ਕਿ ਮੀਟਿੰਗ ਵਿਚ ਪੰਥਕ ਕਨਵੈਨਸ਼ਨ ਬੁਲਾਉਣ ਲਈ ਲੁਧਿਆਣਾ ਅਤੇ ਅੰਮ੍ਰਿਤਸਰ ਦੋ ਥਾਵਾਂ ਉਤੇ ਵਿਚਾਰ ਕੀਤੀ ਗਈ। ਬਹੁਤ ਸਾਰੇ ਮੈਂਬਰਾਂ ਦੀ ਰਾਏ ਸੀ ਕਿ 'ਸਰਬਤ ਖਾਲਸਾ' ਦੀ ਥਾਂ ਪੰਥਕ ਕਨਵੈਨਸ਼ਨ ਬੁਲਾਈ ਜਾਵੇ। ਅਕਾਲੀ ਦਲ ਨੇ ਚਿਤਾਵਨੀ ਦਿਤੀ ਹੈ ਕਿ ਕੁਝ 'ਸਿਖ ਧਰਮ ਅਤੇ ਸਮਾਜ ਵਿਰੋਧੀ' ਅਨਸਰ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡ ਕੇ ਸਿੱਖੀ ਨੂੰ ਨਸ਼ਟ ਕਰਨ ਉਤੇ ਤੁਲੇ ਹੋਏ ਹਨ। ਉਨ੍ਹਾਂ ਦੀਆਂ ਕਾਰਵਾਈਆਂ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਵੀ ਉਲਟ ਹਨ। ਅਕਾਲੀ ਦਲ ਦੇ ਵਿਧਾਇਕਾਂ, ਜ਼ਿਲਾ ਜਥੇਦਾਰਾਂ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਦੀ ਸਾਂਝੀ ਮੀਟਿੰਗ ਹੋਈ। ਮੀਟਿੰਗ ਵਿਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਵਰਤਮਾਨ ਸਥਿਤੀ ਅਤੇ ਮੈਥਿਊ ਕਮਿਸ਼ਨ ਦੇ ਫੈਸਲੇ ਬਾਰੇ ਵਿਚਾਰ ਕੀਤਾ ਗਿਆ। ਮੀਟਿੰਗ ਪਿਛੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾਂ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਉਨ੍ਹਾਂ ਸਾਰੀਆਂ ਆਪਹੁਦਰੀਆਂ ਅਤੇ ਗੈਰਕਾਨੂੰਨੀ ਕਾਰਵਾਈਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਜਿਹੜੀਆਂ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਪਰੀਆਂ। ਉਨ੍ਹਾਂ ਕਿਹਾ ਕਿ ਕੋਈ ਵੀ ਪੰਜ ਜਾਂ ਸੱਤ ਹਜ਼ਾਰ ਵਿਅਕਤੀ ਇਕੱਠੇ ਹੋ ਕੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸਿੰਘ ਸਾਹਿਬਾਨ ਨੂੰ ਬਦਲਣ ਦਾ ਫੈਸਲਾ ਨਹੀਂ ਲੈ ਸਕਦੇ।

ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਦੇ ਅਧਿਕਾਰ ਖਾਲਸਾ ਪੰਥ ਨੇ ਬੜੀ ਲੰਮੀ ਜਦੋਜਹਿਦ ਪਿਛੋਂ ਪ੍ਰਾਪਤ ਕੀਤੇ ਸਨ। ਸ੍ਰੀ ਟੌਹੜਾਂ ਨੇ ਚਿਤਾਵਨੀ ਦਿਤੀ ਕਿ ਖਾਲਸਾ ਪੰਥ ਵਿਚ ਫੁੱਟ ਪਾਉਣ ਵਾਲਿਆਂ ਨੂੰ ਕਦੇ ਮੁਆਫ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਇਕੋ ਇਕ ਇਤਿਹਾਸਕ ਸੰਸਥਾ ਹੈ ਜਿਸ ਦੇ ਕਾਨੂੰਨੀ, ਨੈਤਿਕ ਅਤੇ ਧਾਰਮਿਕ ਅਧਿਕਾਰਾਂ ਨੂੰ ਵਿਗਾੜਨਾ ਸਿੱਖਾਂ ਨਾਲ 'ਧ੍ਰੋਹ' ਕਮਾਉਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਸਰਬਤ ਖਾਲਸਾ ਬੁਲਾਉਣ ਦਾ ਅਧਿਕਾਰ ਕੇਵਲ ਅਕਾਲ ਤਖਤ ਦੇ ਜਥੇਦਾਰ ਕੋਲ ਹੈ। ਅਕਾਲ ਤਖਤ ਦੇ ਜਥੇਦਾਰਾਂ, ਗੁਰਦੁਆਰਾ ਸਾਹਿਬ ਦੇ ਗ੍ਰੰਥੀਆਂ ਦੀ ਨਿਯੁਕਤੀ, ਗੁਰਦੁਆਰਿਆਂ ਦੀ ਕਾਰ ਸੇਵਾ ਅਤੇ ਸਿੱਖ ਧਰਮ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਸਬੰਧੀ ਨਿਰਣੇ ਦਾ ਹੱਕ ਸਿੱਖ ਗੁਰਦੁਆਰਾ ਐਕਟ ਕੋਲ ਹੀ ਹੈ।

ਸ. ਟੌਹੜਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ਼ਰੋਮਣੀ ਗੁ: ਪ੍ਰੰ: ਕਮੇਟੀ ਕੰਪਲੈਕਸ ਅੰਦਰ ਖੂਨ ਖਰਾਬਾ ਕਰਨ ਦੇ ਹੱਕ ਵਿਚ ਨਹੀਂ ਹੈ ਜਿਸ ਕਰਕੇ ਕਮੇਟੀ ਨੇ ਕਾਰ ਸੇਵਾ ਬਾਰੇ ਦਮਦਮੀ ਟਕਸਾਲ ਨਾਲ ਸਮਝੌਤਾ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਸਮਝੌਤੇ ਸਮੇਂ ਇਹ ਨਜ਼ਰ ਨਹੀਂ ਆਉਂਦਾ ਸੀ ਕਿ ਸਰਬਤ ਖਾਲਸਾ ਸੰਮੇਲਨ ਵਿਚ ਇਸ ਤਰ੍ਹਾਂ ਦੇ ਫੈਸਲੇ ਲਏ ਜਾਣਗੇ ਜਿਹੜੇ ਕਿ ਸਿੱਖ ਪੰਥ ਦੇ ਵਿਰੁੱਧ ਜਾਂਦੇ ਹਨ। ਸ. ਟੌਹੜਾ ਨੇ ਦੱਸਿਆ ਕਿ ਕੰਪਲੈਕਸ ਵਿਚ ਸ਼ਾਂਤੀ ਕਾਇਮ ਕਰਨ ਲਈ ਸਰਕਾਰ ਤੋਂ ਕਿਸੇ ਤਰ੍ਹਾਂ ਦੀ ਮਦਦ ਨਹੀਂ ਲਈ ਜਾਵੇਗੀ। ਸ਼ਰੋਮਣੀ ਕਮੇਟੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਆਪ ਪੂਰਾ ਕਰੇਗੀ। ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਕੰਪਲੈਕਸ ਵਿਚ ਸ਼ਾਂਤੀ ਲਈ ਬਾਕਾਇਦਾ ਕੋਈ ਹਥਿਆਰਬੰਦ ਫੋਰਸ ਭਰਤੀ ਕੀਤੀ ਜਾ ਰਹੀ ਹੈ।

ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਕੰਪਲੈਕਸ ਉਤੇ ਉਨ੍ਹਾਂ ਦਾ ਮੁਕੰਮਲ ਕੰਟਰੋਲ ਹੈ। ਸੇਵਾਦਾਰ, ਆਪਣੀਆਂ ਡਿਊਟੀਆਂ ਦੇ ਰਹੇ ਹਨ।

ਵਿਧਾਨ ਸਭਾ ਸੈਸ਼ਨ ਬੁਲਾਇਆ ਜਾਵੇ

ਜਲੰਧਰ — ਭਾਰਤੀ ਜਨਤਾ ਪਾਰਟੀ ਦੇ ਦੋ ਵਿਧਾਇਕਾਂ ਸ੍ਰੀ ਮਨਮੋਹਨ ਕਾਲੀਆ ਤੇ ਸ੍ਰੀ ਓਮ ਪ੍ਰਕਾਸ਼ ਵੈਦ ਨੇ ਇਥੇ ਮੰਗ ਕੀਤੀ ਕਿ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕੀਤੇ ਜਾਣ ਕਾਰਨ ਪੈਦਾ ਹੋਈ ਤਾਜ਼ਾ ਸਥਿਤੀ ਉਤੇ ਵਿਚਾਰ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਤੁਰੰਤ ਬੁਲਾਇਆ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਅਸਫਲਤਾ ਕਾਰਨ ਇਹ ਸਥਿਤੀ ਪੈਦਾ ਹੋਈ ਹੈ।

ਦੋ ਘੜੀ ਦਾ ਮਿਲਣ ਸੀ ਆਪਣਾ ਉਹ 'ਮਾਨ'
ਜਗ ਦੇ ਵਿਚ ਪਰ ਦੇਰ ਤਕ ਚਰਚਾ ਰਿਹਾ।

ਹਰਿਆਣਾ ਕਾਂਗਰਸੀ ਵਿਧਾਇਕਾਂ ਵਲੋਂ ਅਸਤੀਫੇ ਦੀ ਧਮਕੀ

ਰਮਨ ਮੋਹਨ

ਹਿਸਾਰ — ਦੱਸਿਆ ਜਾਂਦਾ ਹੈ ਕਿ ਹਰਿਆਣਾ ਦੇ ਸਾਰੇ ਦੇ ਸਾਰੇ 62 ਕਾਂਗਰਸ (ਇ) ਵਿਧਾਇਕਾਂ ਨੇ ਧਮਕੀ ਦਿਤੀ ਹੈ ਕਿ ਜੇ ਕੇਂਦਰ ਨੇ ਚੰਡੀਗੜ੍ਹ ਦੇ ਬਦਲੇ ਫਾਜ਼ਿਲਕਾ ਤੇ ਅਬੋਹਰ ਦੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਨਾ ਦਿਤੇ ਗਏ ਤਾਂ ਉਹ ਅਸਤੀਫੇ ਦੇ ਦੇਣਗੇ। ਭਰੋਸੇਯੋਗ ਸੂਤਰਾਂ ਅਨੁਸਾਰ ਮੁਖ ਮੰਤਰੀ ਸ੍ਰੀ ਭਜਨ ਲਾਲ ਨੇ ਇਨ੍ਹਾਂ ਵਿਧਾਇਕਾਂ ਨੂੰ ਅਸਤੀਫੇ ਨਾ ਦੇਣ ਲਈ ਮਨਾਉਂਦਿਆਂ ਵਾਅਦਾ ਕੀਤਾ ਕਿ ਉਹ ਉਨ੍ਹਾਂ ਦੀਆਂ ਭਾਵਨਾਵਾਂ ਤੋਂ ਪ੍ਰਧਾਨ ਮੰਤਰੀ ਨੂੰ ਜਾਣੂ ਕਰਾਉਣਗੇ। ਵਿਧਾਇਕਾਂ ਨੇ ਚੰਡੀਗੜ੍ਹ ਵਿਚ ਹੋਈ ਆਪਣੀ ਮੀਟਿੰਗ ਸਮੇਂ ਅਸਤੀਫੇ ਦੇਣ ਦੀ ਪੇਸ਼ਕਸ਼ ਕੀਤੀ ਸੀ। ਜਿਉਂ ਹੀ ਮੀਟਿੰਗ ਸ਼ੁਰੂ ਹੋਈ ਅੰਬਾਲਾ ਜ਼ਿਲੇ ਨਾਲ ਸਬੰਧ ਰੱਖਣ ਵਾਲੇ ਇਕ ਵਜ਼ੀਰ ਨੇ ਸੁਝਾਅ ਦਿਤਾ ਕਿ ਜੇ ਅਬੋਹਰ-ਫਾਜ਼ਿਲਕਾ ਸਮੇਤ ਪੰਜਾਬ ਦੇ 83 ਹਿੰਦੀ ਭਾਸ਼ੀ ਪਿੰਡ ਹਰਿਆਣਾ ਨੂੰ ਦਿਤੇ ਜਾਣ ਬਗੈਰ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕੀਤਾ ਗਿਆ ਤਾਂ ਉਨ੍ਹਾਂ ਨੂੰ ਸਮੂਹਕ ਤੌਰ 'ਤੇ ਅਸਤੀਫੇ ਦੇ ਦੇਣੇ ਚਾਹੀਦੇ ਹਨ।

ਸਿਰਸੇ ਜ਼ਿਲੇ ਨਾਲ ਸਬੰਧ ਰੱਖਣ ਵਾਲੇ ਇਕ ਮੰਤਰੀ ਨੇ ਇਸ ਸੁਝਾਅ ਦੀ ਤਾਈਦ ਕੀਤੀ। ਬਾਕੀ ਵਿਧਾਇਕਾਂ ਨੇ ਇਸ ਨੂੰ ਭਰਵਾਂ ਹੁੰਗਾਰਾ ਦਿਤਾ ਪਰ ਮੁਖ ਮੰਤਰੀ ਨੇ ਸ੍ਰੀ ਭਜਨ ਲਾਲ ਨੇ ਵਿਚੋਂ ਦਖਲ ਦਿੰਦਿਆਂ ਵਿਧਾਇਕਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਸੁਝਾਅ ਨੂੰ ਵਾਪਸ ਲੈ ਲੈਣ। ਮੁਖ ਮੰਤਰੀ ਨੇ ਭਰੋਸਾ ਦਿਤਾ ਕਿ ਉਹ ਪਾਰਟੀ ਵਿਧਾਇਕਾਂ ਦੀਆਂ ਭਾਵਨਾਵਾਂ ਪ੍ਰਧਾਨ ਮੰਤਰੀ ਕੋਲ ਪੁਚਾ ਦੇਣਗੇ। ਸੂਤਰਾਂ ਦਾ ਕਹਿਣਾ ਹੈ ਕਿ ਇਹ ਸੁਝਾਅ ਪੰਜਾਬ ਦੇ ਅਕਾਲੀ ਵਿਧਾਇਕਾਂ ਵਲੋਂ ਕੀਤੇ ਜਾਣ ਵਾਲੇ ਅਜਿਹੇ ਹੀ ਕਿਸੇ ਸੰਭਾਵਿਤ ਫੈਸਲੇ ਦਾ ਟਾਕਰਾ ਕਰਨ ਲਈ ਦਿੱਤਾ ਗਿਆ ਸੀ ਪਰ ਅਕਾਲੀ ਵਿਧਾਇਕਾਂ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਨੇ ਅਜਿਹਾ ਕੋਈ ਫੈਸਲਾ ਨਹੀਂ ਲਿਆ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਚੰਡੀਗੜ੍ਹ ਫੈਸਲੇ ਦਾ ਮੁਲਤਵੀ ਹੋਣਾ

ਪੰਜਾਬ ਦੇ ਹਰ ਸ਼ੁਭਚਿੰਤਕ ਲਈ 26 ਜਨਵਰੀ ਨੂੰ ਚੰਡੀਗੜ੍ਹ ਦਾ ਪੰਜਾਬ ਨੂੰ ਨਾ ਦਿਤੇ ਜਾਣਾ ਦੁੱਖ ਵਾਲੀ ਗੱਲ ਸੀ। ਇਸ ਘਟਨਾ ਨਾਲ ਸੰਤ ਲੌਂਗੋਵਾਲ ਵਲੋਂ ਪ੍ਰਧਾਨ ਮੰਤਰੀ ਨਾਲ ਕੀਤੇ ਸਮਝੌਤੇ ਦੇ ਖੱਟੇ ਵਿਚ ਪੈ ਜਾਣ ਦੀ ਸੰਭਾਵਨਾ ਨਜ਼ਰ ਆਉਂਦੀ ਸੀ ਪਰ ਪੰਜਾਬ ਤੋਂ ਪੁਜੀਆਂ ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਇਸ ਪਖੋਂ ਭਾਵੇ ਖੁਸ਼ ਹਨ ਕਿ ਮੈਥਿਊ ਕਮਿਸ਼ਨ ਦਾ ਫੈਸਲਾ ਪੰਜਾਬ ਦੇ ਹੱਕ ਵਿਚ ਗਿਆ ਹੈ। ਕੰਦੂਖੇੜਾ ਪਿੰਡ ਦਾ ਪੰਜਾਬੀ ਬੋਲਦਾ ਪਿੰਡ ਸਾਬਤ ਹੋਣ ਨਾਲ ਪੰਜਾਬ ਦਾ ਕੇਸ ਏਨਾ ਮਜ਼ਬੂਤ ਹੋ ਗਿਆ ਹੈ ਕਿ 107 ਪਿੰਡ ਜੋ ਹਰਿਆਣੇ ਵਾਲੇ ਮੰਗਦੇ ਸਨ ਉਸਦੇ ਨਾਲ ਹੀ ਅਬੋਹਰ ਅਤੇ ਫਾਜ਼ਿਲਕਾ ਦਾ ਇਲਾਕਾ ਵੀ - ਪੰਜਾਬ ਨਾਲ ਹੀ ਰਹੇਗਾ। 'ਭੂਗੋਲਿਕ ਨੇੜਤਾ' ਦੇ ਕਾਰਨ ਅਬੋਹਰ ਅਤੇ ਫਾਜ਼ਿਲਕਾ ਦਾ ਪੰਜਾਬ ਵਿਚ ਟਿਕੇ ਰਹਿਣਾ ਪੰਜਾਬ ਵਾਸੀਆਂ ਲਈ ਖੁਸ਼ੀ ਦੀ ਗੱਲ ਹੈ ਕਿਉਂਕਿ ਇਸ ਇਲਾਕੇ ਵਿਚੋਂ 14 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ — ਕਪਾਹ ਤੇ ਨਰਮਾ ਮੁੱਖ ਫਸਲਾਂ ਹੋਣ ਕਾਰਨ ਕੋਈ ਵੀ ਪੰਜਾਬੀ ਇਹ ਨਹੀਂ ਸੀ ਚਾਹੁੰਦਾ ਕਿ ਇਨ੍ਹਾਂ ਵਧੀਆ ਪੈਦਾਵਾਰ ਦੇਣ ਵਾਲਾ ਇਲਾਕਾ ਪੰਜਾਬ ਤੋਂ ਖੁਸ ਜਾਵੇ। ਜਿਥੇ ਹਰਿਆਣਾ ਦੀਆਂ ਸਭ ਪਾਰਟੀਆਂ ਦਾ ਜ਼ੋਰ ਅਬੋਹਰ ਅਤੇ ਫਾਜ਼ਿਲਕਾ ਲੈਣ ਉਤੇ ਲੱਗਾ ਹੋਇਆ ਸੀ।

ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਮੈਥਿਊ ਕਮਿਸ਼ਨ ਦੀ ਰੀਪੋਰਟ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਹੱਕੀ ਮੰਗ ਨੂੰ ਕਮਿਸ਼ਨ ਨੇ ਸਵੀਕਾਰ ਕਰ ਲਿਆ ਹੈ। ਪੰਜਾਬ ਦੀਆਂ ਹੋਰ ਪਾਰਟੀਆਂ ਨੇ ਵੀ ਪੰਜਾਬ ਦੀ ਜਿੱਤ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

ਇਸ ਸਮੁੱਚੀ ਰੀਪੋਰਟ ਨਾਲ ਹਰਿਆਣੇ ਦਾ ਸਰਹੱਦੀ ਇਲਾਕਿਆਂ ਬਾਰੇ ਵਾਵੇਲਾ ਝੂਠਾ ਸਾਬਤ ਹੋਣ ਨਾਲ ਹਰਿਆਣੇ ਦੀਆਂ ਕਾਂਗਰਸੀ ਸਫਾਂ ਅਤੇ ਵਿਰੋਧੀ ਪਾਰਟੀਆਂ - ਖਾਸਕਰ ਲੋਕ ਦਲ, ਜਨਤਾ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਰਾਜਸੀ ਸੂਝ ਬੂਝ ਦਾ ਦੀਵਾਲਾ ਵੀ ਨਿਕਲ ਗਿਆ ਸਾਬਤ ਹੁੰਦਾ ਹੈ। ਇਸ ਸਮੇਂ ਉਹ ਨਮੋਸ਼ੀ ਹੇਠਾਂ ਦਬੀਆਂ ਹਨ। ਸ: ਬਰਨਾਲਾ ਨੇ ਫਰਾਖਦਿਲੀ ਨਾਲ ਭਾਰਤੀ ਪੱਧਰ ਦੀਆਂ ਪਾਰਟੀਆਂ ਦਾ ਮਨ ਵੀ ਜਿੱਤ ਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਚੰਡੀਗੜ੍ਹ ਦੀ ਥਾਂ ਉਤੇ ਚੰਗੀ ਪਠਾਣਾਂ ਨਾਲ ਲਗਦੇ ਤੇਰਾਂ ਪਿੰਡ ਹਰਿਆਣੇ ਨੂੰ ਦੇਣ ਨੂੰ ਤਿਆਰ ਹਾਂ। ਪਰ ਹਰਿਆਣੇ ਦੇ ਲੀਡਰਾਂ ਨੇ ਜੋ ਹਾਲਾਤ ਹਰਿਆਣੇ ਵਿਚ ਪੈਦਾ ਕਰ ਲਏ ਹਨ, ਹੁਣ ਉਨ੍ਹਾਂ ਲਈ ਮੁਸੀਬਤ ਬਣੇ ਹੋਏ ਹਨ। ਬਰਨਾਲਾ ਸਾਹਿਬ ਵੀ ਇਹ ਨਹੀਂ ਚਾਹੁੰਦੇ ਕਿ ਹਰਿਆਣੇ ਦੇ ਆਮ ਲੋਕ ਜਿਨ੍ਹਾਂ ਨੂੰ ਕਾਂਗਰਸੀ ਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਉਤੇਜਤ ਕੀਤਾ, ਇਸ ਨੂੰ ਹਾਰ ਦੀ ਨਮੋਸ਼ੀ ਸਮਝ ਲੈਣ। ਇਸ ਲਈ ਚੰਡੀਗੜ੍ਹ ਬਾਰੇ ਕੁਝ ਅਰਸੇ ਲਈ ਚੁੱਪ ਧਾਰ ਲਈ ਗਈ ਹੈ। ਉਂਝ ਵੀ ਜਦ ਤਕ ਹਰਿਆਣਾ ਆਪ ਦੀ ਰਾਜਧਾਨੀ ਨਹੀਂ ਬਣਾ ਲੈਂਦਾ, ਹਰਿਆਣੇ ਦੇ ਦਫਤਰ ਚੰਡੀਗੜ੍ਹ ਵਿਚ ਹੀ ਰਹਿਣ ਦੀ ਸੰਭਾਵਨਾ ਹੈ। ਮਸਲਾ ਕੇਵਲ ਬਿਲਡਿੰਗ ਦੇ ਕਿਰਾਏ ਦੇ ਤੈਅ ਹੋਣ ਦਾ ਹੀ ਹੈ।

ਪਾਣੀਆਂ ਦੇ ਝਗੜੇ ਬਾਰੇ ਵੀ ਨਵਾਂ ਕਮਿਸ਼ਨ ਸ੍ਰੀ ਬਾਲਾ ਕ੍ਰਿਸ਼ਨਨ ਦੀ ਅਗਵਾਈ ਹੇਠ ਬਣਾ ਦਿਤਾ ਗਿਆ ਹੈ। ਇਹ ਛੇ ਮਹੀਨੇ ਅੰਦਰ ਪਾਣੀਆਂ ਦੀ ਵੰਡ ਦਾ ਫੈਸਲਾ ਕਰੇਗਾ। ਹਰਿਆਣੇ ਨੂੰ ਇਸ ਗਲੋਂ ਵੀ ਮੌਕਾ ਹੈ ਕਿ ਉਹ ਚੰਡੀਗੜ੍ਹ ਅਤੇ ਸਰਹੱਦੀ ਇਲਾਕਿਆਂ ਬਾਰੇ ਫੈਸਲਾ ਖਿੜੇ ਮੱਥੇ ਮੰਨ ਲੈਣ ਕਿਉਂਕਿ ਜਿਥੋਂ ਤੱਕ ਅੰਤਰਰਾਸ਼ਟਰੀ ਕਾਨੂੰਨ ਦਾ ਸਵਾਲ ਹੈ ਪਾਣੀਆਂ ਦੀ ਵੰਡ ਵਿਚ ਵੀ ਪੰਜਾਬ ਦਾ ਕੇਸ ਬਹੁਤ ਮਜ਼ਬੂਤ ਹੈ। ਦਰਿਆ ਪੰਜਾਬ ਦੇ ਹਨ ਅਤੇ ਪੰਜਾਬ ਦਾ ਹੀ ਉਨ੍ਹਾਂ ਉਤੇ ਹੱਕ ਹੈ। ਇਹ ਪੰਜਾਬ ਸਰਕਾਰ ਉਤੇ ਨਿਰਭਰ ਕਰੇਗਾ ਕਿ ਉਹ ਹਰਿਆਣੇ ਨੂੰ ਕਿੰਨਾ ਪਾਣੀ ਦੇਣ ਦੀ ਸਮਰੱਥਾ ਰੱਖਦੀ ਹੈ।

ਸਿੱਖ ਧਰਮ : ਅਨੇਕਤਾ ਵਿਚ ਏਕਤਾ

—ਡਾ: ਜੋਧ ਸਿੰਘ—

ਅੱਜ ਧਰਮ ਦੇ ਬਾਰੇ ਗੱਲ ਕਰਨ ਵਾਲੇ ਮਨੁੱਖ ਨੂੰ ਸਮਾਜਕ ਦ੍ਰਿਸ਼ਟੀਕੋਣ ਤੋਂ ਬਹੁਤ ਸੁਲਝਿਆ ਹੋਇਆ ਨਹੀਂ ਮੰਨਿਆ ਜਾਂਦਾ। ਧਰਮ ਦਾ ਵਿਵੇਚਨ ਕਰਤਾ ਜੇਕਰ ਅਜ ਕਲ ਵੀ ਆਦਰ ਦਾ ਅਧਿਕਾਰੀ ਹੈ ਤਾਂ ਉਹ ਇਸ ਕਾਰਨ ਹੈ ਕਿ ਜਾਂ ਤਾਂ ਉਹਦਾ ਕੋਈ ਸ਼ਾਨਦਾਰ ਮਠ ਤੇ ਜਾਂ ਫਿਰ ਲੰਮਾ ਚੌੜਾ ਸੰਗਠਨ ਹੈ। ਜਿਸ ਕੋਲ ਆਪਣੀ ਕਾਰਾਂ ਦੀ ਫਲੀਟ ਅਤੇ ਆਪਣੇ ਹਵਾਈ ਜਹਾਜ਼ ਹਨ, ਜਿਸ ਦੇ ਸੇਵਕਾਂ ਵਿਚੋਂ ਜਿਨੇ ਜ਼ਿਆਦਾ ਵਿਦੇਸ਼ੀ ਹਨ ਘਟੋ ਘਟ ਭਾਰਤ ਵਿਚ ਤਾਂ ਉਸੇ ਨੂੰ ਹੀ ਸਭ ਤੋਂ ਵੱਡਾ ਧਰਮ ਗੁਰੂ ਮੰਨਿਆ ਜਾਂਦਾ ਹੈ। ਕਾਰਨ ਸਪਸ਼ਟ ਹੈ ਕਿ ਸਾਨੂੰ ਜੋ ਕੁਝ ਵੀ ਵਿਰਾਸਤ ਵਿਚ ਮਿਲਿਆ ਹੈ ਜਾਂ ਤਾਂ ਉਹ ਕੇਵਲ ਇਕ ਨਿਸਚਿਤ ਸਮੇਂ ਲਈ ਸੀ ਅਤੇ ਅਜ ਉਹ ਸਭ ਕੁਝ ਢੁਕਵਾਂ ਨਹੀਂ ਲਗਦਾ ਅਤੇ ਜਾਂ ਫਿਰ ਜੋ ਕੁਝ ਸਾਨੂੰ ਮਿਲਿਆ ਹੈ, ਉਹ, ਗਲਤ ਲੋਕਾਂ ਦੇ ਹੱਥਾਂ ਵਿਚ ਪੈ ਕੇ ਸਾਡੇ ਤਕ ਅਪੜਿਆ ਹੈ ਅਤੇ ਤਾਂ ਹੀ ਧਰਮ ਕੇਵਲ ਰੋਜ਼ੀ ਰੋਟੀ ਅਤੇ ਚੌਧਰ ਚਮਕਾਉਣ ਦਾ ਸਾਧਨ ਮਾਤਰ ਬਣ ਕੇ ਰਹਿ ਗਿਆ ਹੈ। ਹਾਲਾਂਕਿ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਹੜਾ ਧਰਮ ਮਨੁੱਖ ਨੂੰ ਪੇਟ ਭਰ ਕੇ ਰੋਟੀ ਨਹੀਂ ਦੇ ਸਕਦਾ ਉਸ ਨੂੰ ਧਰਮ ਕਹਾਉਣ ਦਾ ਕੋਈ ਹੱਕ ਨਹੀਂ ਪਰ ਨਾਲ ਹੀ ਨਾਲ ਇਹ ਮੰਨਣਾ ਪਵੇਗਾ ਕਿ ਰੋਟੀ ਦਾ ਟੁਕੜਾ ਵੀ ਸਭ ਕੁਝ ਨਹੀਂ ਹੈ।

ਅੱਜ ਜੀਵਨ ਦੇ ਹਰ ਖੇਤਰ ਵਿਚ ਇਕ ਦੌੜ ਲਗੀ ਹੋਈ ਹੈ। ਧਨ ਪੈਦਾ ਕਰਨ ਦੀ ਦੌੜ, ਸੁਖ ਦੇ ਸਾਧਨਾਂ ਨੂੰ ਲਭਣ ਦੀ ਲੋੜ, ਦੂਜੇ ਗ੍ਰਹਿਆਂ ਤਕ ਛੇਤੀ ਤੋਂ ਛੇਤੀ ਪੁਜਣ ਦੀ ਦੌੜ, ਮਨੁੱਖਤਾ ਦੀ ਵਧ ਤੋਂ ਵਧ ਸੇਵਾ ਕਰਨ ਦੇ ਵਾਦੇ ਕਰਨ ਦੀ ਦੌੜ ਅਤੇ ਏਥੋਂ ਤਕ ਕਿ ਘਾਤਕ ਹਥਿਆਰਾਂ ਨੂੰ ਬਣਾਉਣ ਅਤੇ ਮਾਨਵ ਸਮੂਹ ਦਾ ਵਿਨਾਸ਼ ਤਕ ਕਰ ਛਡਣ ਦੀ ਦੌੜ ਸਾਨੂੰ ਸਪਸ਼ਟ ਹੀ ਦਿਖਾਈ ਦੇ ਰਹੀ ਹੈ। ਹਰ ਸਮਾਜ, ਹਰ ਦੇਸ਼, ਹਰ ਤਥਾਕਥਤ ਧਰਮ ਇਹਨਾਂ ਦੌੜਾਂ ਵਿਚ ਸਭ ਤੋਂ ਅੱਗੇ ਨਿਕਲ ਜਾਣ ਲਈ ਤਰਲੋ ਮੱਛੀ ਹੋ ਰਿਹਾ ਹੈ। ਆਖਣ ਨੂੰ ਓਪਰੇ ਤੌਰ 'ਤੇ ਅਸੀਂ ਇਕ ਦੂਜੇ ਦੇ ਲਾਗੇ ਆਉਂਦੇ ਚਲੇ ਜਾ ਰਹੇ ਹਾਂ ਪਰ ਅੰਦਰ ਹੀ ਅੰਦਰ ਅਸੀਂ ਇਕ ਦੂਜੇ ਤੋਂ ਕੋਹਾਂ ਦੂਰ ਨਿਕਲ ਜਾਣ ਵਿਚ ਹੀ ਆਪਣੀ ਸ਼ਾਨ ਸਮਝਦੇ ਹਾਂ।

ਇਹ ਕਹਿਣ ਦੀ ਹਠਧਰਮੀ ਤਾਂ ਸ਼ਾਇਦ ਕੋਈ ਵਿਰਲਾ ਹੀ ਕਰੇ ਕਿ ਸਿੱਖ ਧਰਮ ਦਾ ਦੂਜੇ ਧਰਮਾਂ ਨਾਲ ਕੋਈ ਸੰਬੰਧ ਨਹੀਂ ਹੈ ਪਰੰਤੂ ਹਰ ਧਰਮ ਦੀਆਂ ਪਰਸਪਰ ਸਮਾਨਤਾਵਾਂ ਅਤੇ ਨਿਆਰੇਪਨ ਦੇ ਬਿੰਦੂਆਂ ਨੂੰ ਪਰਖਣ ਘੋਖਣ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਧਰਮ ਦੀਆਂ ਵਰਤਮਾਨ ਸੰਪ੍ਰਦਾਇਕ ਪਰਿਭਾਸ਼ਾਵਾਂ ਤੋਂ ਉਪਰ ਉਠੀਏ ਅਤੇ ਹਠਵਾਦਿਤਾ ਨੂੰ ਤਿਆਗ ਕੇ ਕਿਸੇ ਵੀ ਧਰਮ ਦੇ ਮੂਲ ਤੱਤਾਂ ਨੂੰ ਸਮਝਣ ਅਤੇ ਉਹਨਾਂ ਦਾ ਸਨਮਾਨ ਕਰਨਾ ਆਪਣੀ ਆਦਤ ਵਿਚ ਸ਼ਾਮਲ ਕਰੀਏ। ਇਹ ਜ਼ਰੂਰੀ ਨਹੀਂ ਕਿ ਆਪਣੇ ਵਿਅਕਤਿਤਵ ਨੂੰ ਨਸ਼ਟ ਕਰ ਕੇ ਹੀ ਅਸੀਂ ਦੂਜਿਆਂ ਦਾ ਆਦਰ ਕਰ ਸਕਦੇ ਹਾਂ ਜਾਂ ਫਿਰ ਦੂਜਿਆਂ ਦੀ ਬੁਰਾਈ ਕਰ ਕੇ ਹੀ ਆਪਣੇ ਆਪ ਨੂੰ ਚੰਗਾ ਸਾਬਤ ਕਰ ਸਕਦੇ ਹਾਂ। ਬਾਣੀ ਕਹਿੰਦੀ ਹੈ 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ।' ਸਿੱਖ ਧਰਮ ਇਕ ਭਾਰਤੀ ਧਰਮ ਹੈ। ਭਾਰਤੀ ਫਲਸਫੇ ਦਾ ਜੇਕਰ ਸਰਸਰੀ ਤੌਰ 'ਤੇ ਵੀ ਅਧਿਐਨ ਕੀਤਾ ਜਾਵੇ ਤਾਂ ਇਕ ਤੱਥ ਉਭਰ ਕੇ ਆਪ ਹੀ ਸਾਹਮਣੇ ਆ ਜਾਂਦਾ ਹੈ ਕਿ ਏਥੇ ਪਰਸਪਰ ਵਿਰੋਧੀ ਵਿਚਾਰ ਧਾਰਾਵਾਂ ਦਾ ਪਖ ਅਤੇ ਵਿਪਖ ਦੋਹਾਂ ਨੇ ਹੀ ਆਦਰ ਕੀਤਾ ਹੈ। ਉਹਨਾਂ ਨੂੰ ਦੁਰਕਾਰਿਆ ਨਹੀਂ ਅਤੇ ਨਾ ਹੀ ਉਹਨਾਂ ਵਿਰੁਧ ਫੌਜਦਾਰੀ ਕੀਤੀ। ਏਥੇ ਹਰ ਇਕ ਦੇ ਫਲਸਫੇ ਨੂੰ ਠੰਢੇ ਦਿਲ ਦਿਮਾਗ ਨਾਲ ਘੋਖਿਆ ਪੜਚੋਲਿਆ ਗਿਆ ਹੈ। ਵੇਦਾਂ ਦੇ ਸਮੇਂ ਵਿਚ ਹੀ ਚਾਰ ਵਾਕਾਂ ਦੇ ਸਿਧਾਂਤ ਜ਼ੋਰ ਫੜ ਗਏ ਸਨ ਜਿਹਨਾਂ ਨੇ ਵੈਦਿਕ ਕਰਮ ਕਾਂਡਾਂ ਅਤੇ ਬ੍ਰਾਹਮਣਾਂ ਦੀ ਬੜੀ ਤਿਖੀ ਆਲੋਚਨਾ ਕੀਤੀ। ਉਹਨਾਂ ਦੀ ਆਲੋਚਨਾ ਅਤੇ ਤਿਖੇ ਪ੍ਰਤੀਕਰਮ ਬਾਰੇ ਪੜ੍ਹਿਆ ਸੁਣਿਆ ਤਾਂ ਅਜ ਤਕ ਜਾਂਦਾ ਹੈ ਪਰ ਇਹ ਜ਼ਿਕਰ ਕਿਤੇ ਨਹੀਂ ਮਿਲਦਾ ਕਿ ਇਕ ਦੂਜੇ ਨੇ ਆਪਣੇ ਸਿਧਾਂਤਾਂ ਨੂੰ ਮਨਵਾਉਣ ਲਈ ਹਿੰਸਾ ਦਾ ਆਸਰਾ ਲਿਆ ਹੋਵੇ। ਬਾਅਦ ਵਿਚ ਅਨੀਸ਼ਵਰਵਾਦੀ ਬੋਧ, ਜੈਨ ਆਦਿ ਜਿਨੇ ਵੀ ਜੀਵਨ ਮਾਰਗਾਂ ਪ੍ਰਚਲਤ ਹੋਏ, ਸਾਂਖ, ਯੋਗ, ਮੀਮਾਂਸਾ, ਨਿਆਇ, ਵੈਸ਼ੇਸ਼ਿਕ ਆਦਿ ਫਲਸਫਿਆਂ ਨਾਲ ਕਈ ਸਮਾਨਤਾਵਾਂ ਹੁੰਦਿਆਂ ਹੋਇਆਂ ਵੀ ਕਈ ਮਸਲਿਆਂ 'ਤੇ ਉਹਨਾਂ ਦੇ ਵਿਚਾਰ ਮੇਲ ਨਹੀਂ ਖਾਂਦੇ। ਈਸਾਈ, ਪਾਰਸੀ, ਮੁਸਲਿਮ, ਯਹੂਦੀ ਸਾਰੇ ਇਕ ਦੂਜੇ ਦੀਆਂ ਧਾਰਮਕ ਪੁਸਤਕਾਂ ਵਿਚ ਆਈਆਂ ਵਿਸ਼ਵਨੀਨ (ਯੂਨੀਵਰਸਲ) ਸਚਾਈਆਂ ਦਾ ਆਦਰ ਕਰਦੇ ਹਨ। ਇਕ ਦੂਜੇ ਦੇ ਪੈਗੰਬਰਾਂ ਦਾ ਆਦਰ ਕਰਦੇ ਹਨ। ਫਿਰ ਵੀ ਏਨੀ ਸਮਾਨਤਾ ਅਤੇ ਪਰਸਪਰ ਸਦ-ਵਿਹਾਰ ਹੁੰਦੇ ਹੋਏ ਵੀ ਉਹ ਅਲਗ ਅਲਗ ਕੌਮਾਂ ਹਨ। ਉਹਨਾਂ ਦੀ ਰਹਿਤ ਮਰਿਆਦਾ ਆਪਣੀ ਆਪਣੀ ਹੈ, ਉਹਨਾਂ ਦਾ ਪਹਿਰਾਵਾ ਆਪਣਾ ਆਪਣਾ ਹੈ, ਉਹਨਾਂ ਦਾ ਜੀਉਣ ਢੰਗ ਆਪਣਾ ਆਪਣਾ ਹੈ।

ਭਾਰਤ ਵਿਚ ਏਕਤਾ ਵਿਚ ਅਨੇਕਤਾ ਅਤੇ ਅਨੇਕਤਾ ਵਿਚ ਏਕਤਾ ਦਾ ਦ੍ਰਿਸ਼ਟੀਕੋਣ ਪ੍ਰਾਚੀਨ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ। ਇਹ ਮੰਨਣਾ ਅਯੋਗ ਨਹੀਂ ਕਿ ਅੱਜ ਜੋ ਵੀ ਵਿਅਕਤੀ ਸਾਡੇ ਸਾਹਮਣੇ ਜਿਸ ਰੂਪ ਵਿਚ ਵੀ ਆਉਂਦਾ ਹੈ, ਉਹਦਾ ਉਹ ਰੂਪ ਉਸ ਦੇ ਆਪਣੇ ਇਕੱਠੇ ਕੀਤੇ ਸੰਸਕਾਰਾਂ ਅਤੇ ਜੀਵਨ ਭਰ ਕੀਤੇ ਆਚਰਨ ਦੇ ਫਲਸਰੂਪ ਹੀ ਹੁੰਦਾ ਹੈ। ਇਕ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਅੱਜ ਵਿਅਕਤੀ ਏਨਾ ਸਮਝਦਾਰ, ਚਲਾਕ ਅਤੇ ਕੁਝ ਅਖਰਾਂ ਵਿਚ ਏਨਾ ਖਚਰਾ ਹੋ ਗਿਆ ਹੈ ਕਿ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਅਤੇ ਦੂਜਿਆਂ ਦੇ ਮੋਢੇ ਲਾਉਣ ਲਈ ਉਹ ਵਰਤਮਾਨ, ਭੂਤਕਾਲ ਅਰਥਾਤ ਕਿਤੋਂ ਵੀ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਪ੍ਰਮਾਣ ਲਭ ਲਏਗਾ। ਪਰੰਤੂ ਸਮਾਨਤਾ ਅਤੇ ਵਿਸ਼ਮਤਾ ਦੀ ਪਰਖ ਲਈ ਇਹ ਚੰਗਾ ਹੋਵੇਗਾ ਜੇਕਰ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਆਪਣੇ ਆਪਣੇ ਗਰੇਬਾਨ ਵਿਚ ਸਿਰ ਨੀਵਾਂ ਕਰਕੇ ਦੇਖੀਏ ਕਿ ਅਸੀਂ ਜੋ ਕੁਝ ਵੀ ਵਰਤਮਾਨ ਵਿਚ ਹਾਂ ਉਹ ਸਹੀ ਅਰਥਾਂ ਵਿਚ ਕੀ ਹਾਂ ਅਤੇ ਅਸੀਂ ਕਿਸ ਤਰ੍ਹਾਂ ਦੂਜਿਆਂ ਤੋਂ ਭਿੰਨ ਹੁੰਦਿਆਂ ਹੋਇਆਂ ਵੀ ਇਕ ਹਾਂ ਅਤੇ ਆਪਣੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਨੂੰ ਆਪਣੇ ਸਹਜੀਵੀਆਂ ਨਾਲ ਕਿਸ ਤਰ੍ਹਾਂ ਸਮਾਯੋਜਿਤ ਕਰੀਏ ਕਿ ਅਸੀਂ ਸਹੀ ਅਰਥਾਂ ਵਿਚ 'ਬਿਸਰ ਗਈ ਸਭ ਤਾਤ ਪਰਾਈ' ਅਤੇ 'ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ' ਦੇ ਮਹਾਵਾਕਾਂ ਨੂੰ ਚਰਿਤਾਰਥ ਕਰ ਸਕੀਏ।

ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਭਾਰਤ ਵਿਚ ਸੈਂਕੜੇ ਸੁਧਾਰਕ ਪ੍ਰਚਾਰਕ ਅਤੇ ਆਤਮਵੇਤਾ ਹੋ ਚੁੱਕੇ ਸਨ ਪਰੰਤੂ ਇਹ ਸਾਰੇ ਮਹਾਂਪੁਰਖ ਜੀਵਨ ਦੀ ਖਿਨਭੰਗਰਤਾ ਤੋਂ ਇਨੇ ਜ਼ਿਆਦਾ ਪ੍ਰਭਾਵਿਤ ਸਨ ਕਿ ਸੰਸਾਰ ਉਹਨਾਂ ਨੂੰ ਬਿਲਕੁਲ ਹੀ ਤੱਤਹੀਨ ਲਗਦਾ ਸੀ ਅਤੇ ਇਸ ਤੋਂ ਛੁਟਕਾਰਾ ਪਾ ਲੈਣ ਵਿਚ ਹੀ ਕੁਸ਼ਲਤਾ ਸਮਝੀ ਜਾਂਦੀ ਸੀ। ਡਾ: ਰਾਧਾ ਕ੍ਰਿਸ਼ਨਨ ਦੇ ਅਨੁਸਾਰ ਜੇਕਰ ਕੋਈ ਧਾਰਮਕ ਪਰੰਪਰਾ ਵਿਕਸਿਤ ਨਹੀਂ ਹੁੰਦੀ ਤਾਂ ਇਸ ਦਾ ਅਰਥ ਹੈ ਕਿ ਇਸ ਪਰੰਪਰਾ ਦੇ ਪੈਰੋਕਾਰ ਅਧਿਆਤਮਕ ਦ੍ਰਿਸ਼ਟੀ ਤੋਂ ਮ੍ਰਿਤਕ ਹੋ ਗਏ ਹਨ। ਸਿਖ ਧਰਮ ਵਿਚ ਅਸੀਂ ਦੇਖਦੇ ਹਾਂ ਕਿ ਕੇਂਦਰੀ ਧੁਰੇ (ਗ੍ਰੰਥ ਸਾਹਿਬ ਅਤੇ ਪੰਥ) ਨੂੰ ਮਜ਼ਬੂਤੀ ਨਾਲ ਫੜੀ ਰਖਦਿਆਂ ਹੋਇਆਂ ਇਹ ਧਰਮ ਹਮੇਸ਼ਾਂ ਵਿਕਾਸ ਵਲ ਵਧਦਾ ਹੀ ਗਿਆ ਹੈ। ਇਹ ਵਿਕਾਸ ਚਾਹੇ ਭੌਤਿਕ ਹੋਵੇ ਜਾਂ ਫਿਰ ਅਧਿਆਤਮਕ, ਸਹਿਜੇ ਸਹਿਜੇ ਇਸ ਧਰਮ ਨੂੰ ਮੰਨਣ ਵਾਲਿਆਂ ਦਾ ਖਾਣ-ਪੀਣ, ਪਰਮਾਤਮਾ ਦੇ ਪ੍ਰਤੀ ਸਮਰਪਣ ਦਾ ਢੰਗ, ਸਮਾਜਕ ਰਹੁ ਰੀਤੀਆਂ ਦਾ ਇਕ ਆਪਣਾ ਹੀ ਢੰਗ ਵਿਕਸਿਤ ਹੁੰਦਾ ਚਲਿਆ ਗਿਆ। ਅਜ ਦੇ ਮਾਹੌਲ ਵਿਚ ਸਿਖ ਧਰਮ ਦੇ ਨਿਆਰੇਪਨ ਦੀ ਗੱਲ ਹਿੰਦੂ ਸਿੱਖ ਦੋਹਾਂ ਲਈ ਅਖੌਤੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਸ ਸੰਦਰਭ ਵਿਚ ਸਾਹਿਤ ਅਤੇ ਧਰਮ-ਦਰਸ਼ਨ ਦੇ ਪ੍ਰਸਿੱਧ ਵਿਦਵਾਨ ਡਾ: ਅਤਰ ਸਿੰਘ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਫਿਲਾਸਫੀ ਵਿਭਾਗ ਵਿਚ ਆਪਣੇ ਲੈਕਚਰਾਂ ਦੌਰਾਨ ਪੁਛੇ ਜਾਣ 'ਤੇ ਇਕ ਪ੍ਰਸ਼ਨ ਦੇ ਉਤਰ ਦੇ ਬੋਲ ਵਰਨਣਯੋਗ ਹਨ। ਉਹਨਾਂ ਨੇ ਕਿਹਾ ਸੀ ਕਿ 'ਬਨਾਰਸ ਵਿਚ ਹੀ ਕਬੀਰ, ਰਵੀਦਾਸ ਅਤੇ ਤੁਲਸੀਦਾਸ ਤਿੰਨੇ ਹੀ ਹੋ ਗੁਜ਼ਰੇ ਹਨ ਪਰ ਕਬੀਰ, ਰਵੀਦਾਸ ਦੇ ਅਸਥਾਨਾਂ ਨੂੰ ਤੁਲਸੀਦਾਸ ਦੇ ਮੰਦਰ (ਜਿਸ ਵਿਚ ਉਸ ਦੀ ਰਚਨਾ ਨੂੰ ਸੰਗਮਰਮਰ ਉਤੇ ਮੰਦਰ ਦੀਆਂ ਕੰਧਾਂ 'ਤੇ ਲਿਖ ਲਿਖ ਕੇ ਉਸਨੂੰ ਹਮੇਸ਼ਾਂ ਯਾਦ ਰਖਣ ਦੀ ਪ੍ਰੇਰਨਾ ਦਿੱਤੀ ਹੈ) ਦੇ ਮੁਕਾਬਲੇ ਖੰਡਹਰ ਹੀ ਕਿਹਾ ਜਾ ਸਕਦਾ ਹੈ। ਸਿਖ ਧਰਮ ਹਿੰਦੂ ਧਰਮ ਦਾ ਉਨਾ ਕੁ ਅੰਗ ਤਾਂ ਅਵੱਸ਼ ਹੈ ਕਿ ਜਿਨਾਂ ਕਬੀਰ ਅਤੇ ਰਵੀਦਾਸ ਨੂੰ ਇਸ ਧਰਮ ਨੇ ਸਨਮਾਨ ਦਿਤਾ ਹੈ ਪਰ ਜਿਹੜਾ ਧਰਮ ਕੇਵਲ ਤੁਲਸੀ ਦਾਸ ਨੂੰ ਆਪਣਾ ਆਦਰਸ਼ ਮੰਨਦਾ ਹੈ ਅਤੇ ਕਬੀਰ ਰਵੀਦਾਸ ਨਾਮਦੇਵ ਨੂੰ ਪਛਾਣਦਾ ਨਹੀਂ, ਸਿਖ ਧਰਮ ਉਸ ਧਰਮ ਨੂੰ ਪਰਵਾਨ ਨਹੀਂ ਕਰਦਾ ਅਤੇ ਉਸ ਦਾ ਅੰਗ ਬਣਨ ਵਿਚ ਕਿਸੇ ਕਿਸਮ ਦੇ ਫਖਰ ਦਾ ਅਨੁਭਵ ਨਹੀਂ ਕਰਦਾ।" ਗੁਰੂ ਗਰੰਥ ਸਾਹਿਬ ਵਿਚ ਨਾ ਕੇਵਲ ਕਬੀਰ, ਰਵੀਦਾਸ, ਨਾਮਦੇਵ, ਤ੍ਰਿਲੋਚਨ ਆਦਿ ਨੂੰ ਬਲਕਿ ਸ਼ੇਖ ਫਰੀਦ, ਭੀਖਨ ਆਦਿ ਨੂੰ ਵੀ ਸਥਾਨ ਦੇ ਕੇ ਇਹਨਾਂ ਸਾਰਿਆਂ ਦੀ ਬਾਣੀ ਨੂੰ ਵੀ ਗੁਰਬਾਣੀ ਦਾ ਦਰਜਾ ਦਿਤਾ ਗਿਆ ਹੈ। ਵਰਤਮਾਨ ਸਮੇਂ ਵਿਚ ਜੇਕਰ ਇਹ ਲਭਿਆ ਜਾਏ ਕਿ ਕਿਹੜੇ ਭਾਰਤੀ ਧਰਮ ਦੇ ਪੈਰੋਕਾਰ ਅਜਿਹੇ ਹਨ ਜਿਹੜੇ ਧਰਮ ਗ੍ਰੰਥਾਂ ਦੇ ਆਧਾਰ 'ਤੇ ਆਪਣੀ ਧਾਰਮਕ ਸਹਿਨਸ਼ੀਲਤਾ ਦੇ ਆਧਾਰ 'ਤੇ ਨਾਈ, ਧੋਬੀ, ਝਿਊਰ, ਚਮਾਰ, ਖਤਰੀ ਅਤੇ ਏਥੋਂ ਤਕ ਕਿ ਮੁਸਲਮਾਨ ਨੂੰ ਵੀ ਗੁਰੂ ਸਮਾਨ ਆਦਰ ਦਿੰਦੇ ਹਨ ਤਾਂ ਉਹ ਸਿੱਖ ਧਰਮ ਹੀ ਹੈ। ਪ੍ਰਾਚੀਨ ਰਿਸ਼ੀਆਂ ਦਾ ਉਦੇਸ਼ ਤਾਂ ਬੇਸ਼ੱਕ ਵੇਦ ਮੰਤਰਾਂ ਦੇ ਕਲਿਆਣਕਾਰੀ ਸੰਦੇਸ਼ ਨੂੰ ਜਨ-ਸਾਧਾਰਣ ਤਕ ਪੁਚਾਉਣ ਦਾ ਰਿਹਾ ਹੋਵੇਗਾ ਪਰ ਪਰੰਪਰਾ ਵਿਚ ਜੋ ਗੱਲ ਉਭਰ ਕੇ ਸਾਹਮਣੇ ਆਈ ਹੈ, ਉਹ ਇਹੀ ਹੈ ਕਿ ਯੱਗ-ਯਾਗ ਕਰਾਉਣ ਵਾਸਤੇ ਇਕ ਵਿਸ਼ੇਸ਼ ਵਰਗ ਦੇ ਲੋਕਾਂ ਨੂੰ ਹੀ ਸਮਰੱਥ ਮੰਨਿਆ ਗਿਆ ਹੈ, ਜਿਸ ਨੇ ਕਿ ਭਾਰਤੀ ਲੋਕਾਂ ਦੇ ਅਧਿਆਤਮਕ ਜੀਵਨ ਵਿਚ ਵੀ ਸਾਮੰਤਵਾਦੀ ਰੁਚੀਆਂ ਨੂੰ ਹੀ ਉਭਾਰਨ ਅਤੇ ਆਪਣਾ ਮਤਲਬ ਸਾਰਨ ਉਤੇ ਜ਼ੋਰ ਦਿੱਤਾ ਹੈ। ਇਕ ਵਿਅਕਤੀ ਮੰਤਰ ਪੜ੍ਹਦਾ ਹੈ ਅਤੇ ਬਾਕੀ ਸੁਣਦੇ ਹਨ। ਸਿਖ ਧਰਮ ਵਿਚ ਇਹ ਜ਼ਰੂਰੀ ਤੌਰ 'ਤੇ ਆਸ ਕੀਤੀ ਜਾਂਦੀ ਹੈ ਕਿ ਸਾਰੀ ਸੰਗਤ ਰਲ ਮਿਲ ਕੇ ਸ਼ਬਦ ਗਾਇਨ ਕਰੇ ਅਤੇ ਇਹ ਪਰੰਪਰਾ ਅਜੇ ਤਕ ਚਲੀ ਆ ਰਹੀ ਹੈ। ਇਸ ਧਰਮ ਵਿਚ

(ਬਾਕੀ ਪੰਨਾ 5 ਤੇ)

ਪਾਕਿ 'ਚ ਸਿੱਖ ਅਗਵਾਕਾਰ ਸਜ਼ਾ ਵਿਰੁੱਧ ਅਪੀਲ ਨਹੀਂ ਕਰਨਗੇ

ਇਸਲਾਮਾਬਾਦ — ਪੰਜਾਬ ਪ੍ਰਾਂਤ ਦੀ ਵਿਸ਼ੇਸ਼ ਅਦਾਲਤ ਵਲੋਂ ਜਿਨ੍ਹਾਂ ਤਿੰਨ ਸਿੱਖ ਅਗਵਾਕਾਰਾਂ ਨੂੰ ਮੌਤ ਦੀ ਸਜ਼ਾ ਦਿਤੀ ਗਈ ਹੈ, ਨੇ ਫੈਸਲਾ ਨੇ ਕੀਤਾ ਹੈ ਕਿ ਉਹ ਲਾਹੌਰ ਹਾਈ ਕੋਰਟ ਅੱਗੇ ਅਪੀਲ ਨਹੀਂ ਕਰਨਗੇ। ਲਾਹੌਰ ਜੇਲ੍ਹ ਵਿਚ ਉਨ੍ਹਾਂ ਦੇ ਵਕੀਲ ਡਾ. ਅਬਦੁਲ ਬਸੀਤ ਨੇ ਚਾਰ ਘੰਟੇ ਤੱਕ ਤਿੰਨਾਂ ਨਾਲ ਮੁਲਾਕਾਤ ਕੀਤੀ ਤੇ ਉਪਰੋਕਤ ਫੈਸਲੇ ਦਾ ਪਤਾ ਲਾਇਆ।

1984 ਵਿਚ ਭਾਰਤੀ ਜਹਾਜ਼ ਅਗਵਾਕਾਰ ਹਰਮਿੰਦਰ ਸਿੰਘ ਨੇ ਕਿਹਾ ਕਿ ਉਸ ਨੇ ਸਜ਼ਾ ਸਵੀਕਾਰ ਕਰ ਲਈ ਹੈ ਤੇ ਉਹ ਅਪੀਲ ਨਹੀਂ ਕਰੇਗਾ। ਉਸ ਨੇ ਕਿਹਾ ਕਿ ਉਹ ਇਕ ਨੁਕਤੇ ਬਾਰੇ ਫੈਸਲੇ ਵਿਰੁਧ ਅਪੀਲ ਕਰਨ ਦਾ ਇੱਛੁਕ ਹੈ ਕਿ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਦਿੰਦਿਆਂ ਉਸ ਨੂੰ ਇਕ ਆਜ਼ਾਦੀ ਸੰਗਰਾਮੀਏ ਵਜੋਂ ਮਾਨਤਾ ਨਹੀਂ ਦਿੱਤੀ। ਜਹਾਜ਼ ਅਗਵਾਕਾਰਾਂ ਦੇ ਆਗੂ ਪਰਮਿੰਦਰ ਸਿੰਘ ਨੇ ਆਖਿਆ ਕਿ ਉਹ ਅਪੀਲ ਨਹੀਂ ਕਰੇਗਾ।

ਡਾ. ਬਸੀਤ ਨੇ ਕਿਹਾ ਕਿ ਇਕ ਜਹਾਜ਼ ਅਗਵਾਕਾਰ ਜਿਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਹੈ, ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਉਸ ਵਲੋਂ ਪੰਜਾਬ ਦੀ ਵਿਸ਼ੇਸ਼ ਅਦਾਲਤ ਅੱਗੇ ਇਕ 'ਸੋਧ ਅਪੀਲ' ਦਾਇਰ ਕਰ ਕੇ ਉਸ ਦੀ ਸਜ਼ਾ ਵਧਾਏ ਜਾਣ ਦੀ ਮੰਗ ਕਰਨ ਤੇ ਜਾਂ ਫਿਰ ਉਸ ਦੀ ਸਜ਼ਾ ਨੂੰ ਹਰਮਿੰਦਰ ਸਿੰਘ ਦੀ ਸਜ਼ਾ ਨਾਲ ਬਦਲਿਆ ਜਾਵੇ।

ਸਵਾਗਤ

ਨਵੀਂ ਦਿੱਲੀ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਮੈਥਿਊ ਕਮਿਸ਼ਨ ਦੀ ਰਿਪੋਰਟ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਪੰਜਾਬ ਸਰਕਾਰ ਦੇ ਸਟੈਂਡ ਦੀ ਪੁਸ਼ਟੀ ਹੀ ਹੋਈ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਇਹ ਮੰਨ ਲਿਆ ਹੈ ਕਿ ਇਲਾਕਾਈ ਨੇੜਤਾ ਦੇ ਸਿਧਾਂਤ ਅਨੁਸਾਰ ਝਗੜੇ ਵਾਲੇ ਇਲਾਕੇ ਪੰਜਾਬ ਦੇ ਹੀ ਹਨ। ਇਹ ਪੁੱਛੇ ਜਾਣ ਉਤੇ ਕਿ ਕੀ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰ ਦਿਤਾ ਜਾਵੇਗਾ, ਮੁਖ ਮੰਤਰੀ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਜਿਵੇਂ ਮੁਸ਼ਕਲਾਂ ਖੜੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸ਼ਾਸਤ ਰਾਜ ਪੰਜਾਬ ਵਿਚ ਸ਼ਾਮਲ ਕਰ ਦਿਤਾ ਜਾਵੇ ਤਾਂ ਇਹ ਸਵਾਗਤਯੋਗ ਹੋਵੇਗਾ।

ਹੱਲ ਨਾ ਹੋਇਆ ਇਹ ਰੋਟੀ ਦਾ ਸਵਾਲ
ਆਦਮੀ ਮਰ ਮਰ ਕੇ ਨਿਤ ਜੰਮਦਾ ਰਿਹਾ।

ਪੰਜਾਬ ਵਿਚ ਲਿੰਕ ਸੜਕਾਂ ਦਾ ਸਰਵੇਖਣ ਮੁਕੰਮਲ

ਚੰਡੀਗੜ੍ਹ — ਪੰਜਾਬ ਦੇ ਸਾਰੇ ਜ਼ਿਲਿਆਂ ਦੀਆਂ ਲਿੰਕ ਸੜਕਾਂ ਦਾ ਸਰਵੇਖਣ ਮੁਕੰਮਲ ਹੋ ਗਿਆ ਹੈ। ਇਸ ਕੜੀ ਦਾ ਆਖਰੀ ਜ਼ਿਲਾ ਗੁਰਦਾਸਪੁਰ ਸੀ। ਪੰਜਾਬ ਰਾਜ ਮੰਡੀਕਰਣ ਬੋਰਡ ਵਲੋਂ ਕੀਤੇ ਗਏ ਇਸ ਸਰਵੇਖਣ ਅਨੁਸਾਰ ਪਿਛਲੇ ਛੇ ਸਾਲਾਂ ਵਿਚ ਰਾਜ ਦੀਆਂ ਤਿੰਨ ਹਜ਼ਾਰ ਕਿਲੋਮੀਟਰ ਲੰਮੀਆਂ ਸੜਕਾਂ ਦੀ ਕਿਸੇ ਨੇ ਉਕਾ ਹੀ ਸਾਰ ਨਹੀਂ ਲਈ ਅਤੇ ਕਰੋੜਾਂ ਰੁਪਿਆ ਲੋਕ ਨਿਰਮਾਣ ਵਿਭਾਗ ਦੇ ਖਾਤੇ ਵਿਚ ਪਿਆ ਰਿਹਾ।

ਮੰਡੀਕਰਣ ਬੋਰਡ ਦੇ ਚੇਅਰਮੈਨ ਸ. ਤੋਤਾ ਸਿੰਘ ਨੇ ਇਥੇ ਦੱਸਿਆ ਕਿ ਬੋਰਡ ਵਲੋਂ ਕਈ ਕਈ ਸਾਲ ਪਹਿਲਾਂ ਜਮ੍ਹਾਂ ਕਰਵਾਏ ਗਏ ਪੈਸੇ ਲੋਕ ਨਿਰਮਾਣ ਵਿਭਾਗ ਨੇ ਸੜਕਾਂ ਉਤੇ ਖਰਚ ਨਾ ਕੀਤੇ ਜਿਸ ਨਾਲ ਬੋਰਡ ਨੂੰ ਦੂਹਰਾ ਘਾਟਾ ਖਾਣਾ ਪਿਆ। ਏਨੇ ਅਰਸੇ ਵਿਚ ਇਨ੍ਹਾਂ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਦੇ ਖਰਚੇ ਦੁੱਗਣੇ ਤੋਂ ਵੀ ਵਧੇਰੇ ਹੋ ਗਏ। ਉਨ੍ਹਾਂ ਦੱਸਿਆ ਕਿ ਬੋਰਡ ਨੇ 2400 ਕਿਲੋਮੀਟਰ ਲਿੰਕ ਸੜਕਾਂ ਮੁਕੰਮਲ ਕਰਨ ਲਈ ਤਿੰਨ ਸਾਲ ਪਹਿਲਾਂ ਪੈਸੇ ਜਮ੍ਹਾਂ ਕਰਵਾਏ ਸਨ, ਪਰੰਤੂ ਉਨ੍ਹਾਂ ਵਿਚੋਂ ਕੇਵਲ 800 ਕਿਲੋਮੀਟਰ ਸੜਕਾਂ ਹੀ ਮੁਕੰਮਲ ਹੋ ਸਕੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਪਹਿਲਾਂ ਹੀ ਫੰਡਾਂ ਦੀ ਘਾਟ ਹੈ ਪਰੰਤੂ ਇਸ ਦੀਆਂ ਜਮ੍ਹਾਂ ਰਕਮਾਂ ਵੀ ਵਰਤੋਂ ਵਿਚ ਨਾ ਆਉਣ ਕਾਰਨ ਇਹ ਹੋਰ ਤੰਗਦਸਤੀ ਦਾ ਸ਼ਿਕਾਰ ਹੋ ਗਿਆ।

ਪ੍ਰਸ਼ਾਸਨ ਦਾ ਮੌਜੂਦਾ ਢਾਂਚਾ ਜਿਉਂ ਦਾ ਤਿਉਂ

ਚੰਡੀਗੜ੍ਹ — ਕੇਂਦਰੀ ਸਰਕਾਰ ਜਦੋਂ ਤਕ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਨਹੀਂ ਕਰਦੀ ਤਦ ਤਕ ਪ੍ਰਸ਼ਾਸਨ ਦਾ ਮੌਜੂਦਾ ਢਾਂਚਾ ਬਰਕਰਾਰ ਰਹੇਗਾ। ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸਾਸਕ ਦੇ ਸਲਾਹਕਾਰ ਸ੍ਰੀ ਕੇ. ਬੈਨਰਜੀ ਜਿਨ੍ਹਾਂ ਨੇ ਪਹਿਲਾਂ 26 ਜਨਵਰੀ ਮਗਰੋਂ ਕੇਂਦਰੀ ਗ੍ਰਹਿ ਮੰਤਰਾਲੇ ਵਿਚ ਚੰਡੀਗੜ੍ਹ ਦੀ ਪੰਜਾਬ ਵਿਚ ਸ਼ਮੂਲੀਅਤ ਬਾਰੇ ਮਸਲਿਆਂ ਨੂੰ ਨਜਿੱਠਣ ਦਿੱਲੀ ਜਾਣਾ ਸੀ, ਹੁਣ ਚੰਡੀਗੜ੍ਹ ਵਿਚ ਹੀ ਸਲਾਹਕਾਰ ਦੇ ਤੌਰ 'ਤੇ ਰਹਿਣਗੇ ਕਿਉਂਕਿ ਚੰਡੀਗੜ੍ਹ ਨੂੰ ਹੁਣ ਤੱਕ ਪੰਜਾਬ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ ਲਈ ਸ੍ਰੀ ਬੈਨਰਜੀ 31 ਮਾਰਚ ਤਕ ਪ੍ਰਸ਼ਾਸਕ ਦੇ ਸਲਾਹਕਾਰ ਵਜੋਂ ਰਹਿਣਗੇ। ਇਸੇ ਦੌਰਾਨ ਸਪਤ ਰਿਸ਼ੀ ਵੈਲਫੇਅਰ ਸੁਸਾਇਟੀ ਚੰਡੀਗੜ੍ਹ ਦੇ ਪ੍ਰਧਾਨ ਸ੍ਰੀ ਮੁਖਤਿਆਰ ਸਿੰਘ ਨੇ ਪੰਜਾਬ ਤੇ ਹਰਿਆਣਾ ਦੇ ਮੁਖ ਮੰਤਰੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਸਹਿਯੋਗ ਦੇਣ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਮਸਲੇ ਦੇ ਹੱਲ ਵਿਚ ਦੇਰੀ ਕਈ ਉਲਝਣਾਂ ਪੈਦਾ ਕਰ ਸਕਦੀ ਹੈ।

ਕਾਂਗਰਸੀ ਆਗੂਆਂ ਨੂੰ ਚਿੰਤਾ

ਚੰਡੀਗੜ੍ਹ — ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਮੇਜਰ ਜਨਰਲ (ਰਿਟਾ.) ਰਾਜਿੰਦਰ ਸਿੰਘ ਸਪੈਰੋ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਅਤੇ ਅਤੇ ਅੱਠ ਕਾਂਗਰਸੀ ਵਿਧਾਇਕ ਨੇ ਰਾਜ ਵਿਚ ਅਤਿਵਾਦੀਆਂ ਦੀਆਂ ਵਧ ਰਹੀਆਂ ਸਰਗਰਮੀਆਂ ਉਤੇ ਚਿੰਤਾ ਪ੍ਰਗਟ ਕੀਤੀ ਹੈ। ਇਨ੍ਹਾਂ ਆਗੂਆਂ ਨੇ ਦੋਸ਼ ਲਾਇਆ ਹੈ ਕਿ ਰਾਜ ਵਿਚ ਅਤਿਵਾਦੀ ਸਰਗਰਮੀਆਂ ਵਧ ਰਹੀਆਂ ਹਨ। ਪਰ ਰਾਜ ਸਰਕਾਰ ਇਕ "ਖਾਮੋਸ਼ ਦਰਸ਼ਕ" ਬਣੀ ਬੈਠੀ ਹੈ।

ਇਨ੍ਹਾਂ ਨੇਤਾਵਾਂ ਨੇ ਮੰਗ ਕੀਤੀ ਕਿ ਨਿਰਦੋਸ਼ਾਂ ਦੀ ਹੱਤਿਆ ਕਰਨ ਵਾਲਿਆਂ ਨਾਲ ਅਕਾਲੀ ਸਰਕਾਰ ਸਖਤੀ ਨਾਲ ਪੇਸ਼ ਆਏ। ਇਨ੍ਹਾਂ ਆਗੂਆਂ ਨੇ ਬਲਾਕ ਕਾਂਗਰਸ ਕਮੇਟੀ, ਕਲਾਨੌਰ ਦੇ ਪ੍ਰਧਾਨ ਸ਼ਾਮ ਲਾਲ ਦੀ ਹੱਤਿਆ ਉਤੇ ਡੂੰਘਾ ਦੁਖ ਪ੍ਰਗਟ ਕੀਤਾ ਅਤੇ ਮੰਗ ਕੀਤੀ ਕਿ ਸਰਕਾਰ ਉਸ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਠੋਸ ਕਦਮ ਉਠਾਵੇ।

ਬਿਆਨ ਦੇਣ ਵਾਲੇ ਵਿਧਾਇਕਾਂ ਵਿਚ ਸ੍ਰੀ ਕੇਵਲ ਕ੍ਰਿਸ਼ਨ, ਸ੍ਰੀ ਕ੍ਰਿਪਾਲ ਸਿੰਘ ਢਿਲੋਂ, ਪੰਡਤ ਮੋਹਨ ਲਾਲ, ਸ੍ਰੀ ਲਾਲ ਮੁਕੰਦ ਸ਼ਰਮਾ, ਪੰਡਤ ਸਰਵਣ ਰਾਮ ਤੇ ਸ੍ਰੀ ਸੇਵਾ ਰਾਮ ਸ਼ਾਮਲ ਹਨ।

ਦਿਨ ਚੜ੍ਹੇ ਵੰਡਦਾ ਸੀ ਓਹੋ ਰੌਸ਼ਨੀ
ਰਾਤ ਭਰ ਕਾਲਖ 'ਚ ਜੋ ਨ੍ਹਾਉਂਦਾ ਰਿਹਾ।

ਲੌਂਗੋਵਾਲ ਦੀ ਯਾਦ 'ਚ ਭੋਗ ਪਏ

ਧਨੌਲਾ ਦੇ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਵਿਚ ਸੰਤ ਰਜਵੰਤ ਸਿੰਘ ਦੀ ਅਗਵਾਈ ਵਿਚ ਸਾਲਾਨਾ ਜੋੜ ਮੇਲੇ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਵਿਚ 41 ਅਖੰਡ ਪਾਠਾਂ ਦਾ ਭੋਗ ਪਾਇਆ ਗਿਆ। ਇਸ ਮੌਕੇ ਉਤੇ ਜ਼ਿਲਾ ਅਕਾਲੀ ਦਲ ਦੇ ਜਨਰਲ ਸਕੱਤਰ ਸ੍ਰੀ ਅਮਰਜੀਤ ਸਿੰਘ ਜਟਾਣਾ ਨੇ ਮੰਗ ਕੀਤੀ ਕਿ ਧਨੌਲਾ ਤੇ ਹੋਰ ਸ਼ਹਿਰਾਂ ਵਿਚ ਆਪਣੀ ਰਿਹਾਇਸ਼ ਵਾਲੇ ਮਕਾਨਾਂ ਨੂੰ ਲਾਇਆ ਜਾ ਰਿਹਾ ਹਾਊਸ ਟੈਕਸ ਬੰਦ ਕੀਤਾ ਜਾਵੇ। ਉਨ੍ਹਾਂ ਧਨੌਲਾ ਵਿਚ ਲੱਗਣ ਵਾਲੇ ਪਸ਼ੂ ਮੇਲਿਆਂ ਦੀ ਆਮਦਨ ਵਿਚੋਂ 40 ਫੀਸਦੀ ਨਗਰਪਾਲਿਕਾਂ ਨੂੰ ਦਿਵਾਏ ਜਾਣ, ਧਨੌਲਾ ਦੇ ਹਾਈ ਸਕੂਲਾਂ ਵਿਚ ਸਟਾਫ ਪੂਰਾ ਕਰਨ ਦਾਣਾ ਮੰਡੀ ਦਾ ਵਿਕਾਸ ਕਰਨ ਤੇ 30 ਬਿਸਤਰਿਆਂ ਦਾ ਹਸਪਤਾਲ ਬਣਾਏ ਜਾਣ ਦੀ ਮੰਗ ਕੀਤੀ। ਇਸ ਮੌਕੇ ਉਤੇ ਸਾਬਕਾ ਮੰਤਰੀ ਜਥੇਦਾਰ ਦਲੀਪ ਸਿੰਘ ਤੇ ਗੁਰਦੁਆਰਾ ਕੈਂਥੋਵਾਲ ਦੇ ਮੁਖੀ ਨਿਹੰਗ ਗੁਰਦਿਆਲ ਸਿੰਘ ਨੇ ਬਾਬਾ ਨੱਥਾ ਸਿੰਘ ਤੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

(ਪੰਨਾ 4 ਦੀ ਬਾਕੀ)

ਬ੍ਰਾਹਮਣੀ ਕਰਮਕਾਂਡਾਂ ਦੇ ਪ੍ਰਭਾਵ ਥੱਲੇ ਵਿਚਰ ਰਹੇ ਵਿਅਕਤੀਆਂ ਦੀ ਵੀ ਨਜ਼ਰ ਵਿਚ ਬ੍ਰਾਂਹਮਣੀ ਕਰਮ ਕਰਨ ਵਾਲੇ ਦਾ ਦਰਜਾ ਇਕ ਲਾਗੀ ਤੋਂ ਸਿਵਾ ਹੋਰ ਕੁਝ ਨਹੀਂ। ਦੂਜਾ ਇਸ 'ਤੇ ਵੀ ਬੜਾ ਜ਼ੋਰ ਲਾਇਆ ਜਾ ਰਿਹਾ ਹੈ ਕਿ ਸਾਰੇ ਭਾਰਤੀ ਦਰਸ਼ਨਾਂ ਅਤੇ ਇਸ ਸੰਦਰਭ ਵਿਚ ਸਿੱਖ ਧਰਮ ਦਾ ਉਦਗਮ ਸਰੋਤ ਵੀ ਵੇਦ ਵੇਦਾਂਤ ਅਤੇ ਸ਼ਾਸਤਰ ਸਾਬਤ ਕੀਤੇ ਜਾਣ। ਵੇਦ ਵੇਦਾਂਤ ਨਾਲ ਸੰਬੰਧਿਤ ਗ੍ਰੰਥ ਵਾਕਈ ਹੀ ਫ਼ਖਰ ਕਰਨ ਯੋਗ ਹਨ। ਉਹਨਾਂ ਦੀ ਮਹਾਨਤਾ 'ਤੇ ਕਿੰਤੂ ਕਰਨਾ ਇਹਨਾਂ ਸਤਰਾਂ ਦੇ ਲੇਖਕ ਦੀ ਕਤਈ ਮੰਸ਼ਾ ਨਹੀਂ ਪਰੰਤੂ ਇਕ ਮੋਟੀ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਅੱਜ ਸਭ ਕਾਸੇ ਦਾ ਕਾਰਨ ਇਕ ਹੈ ਤਾਂ ਇਕ ਕਾਰਨ ਵਿਚੋਂ ਜਿਹੜਾ ਕਿ ਹਜ਼ਾਰਾਂ ਸਾਲ ਪੁਰਾਣਾ ਦਸਿਆ ਜਾਂਦਾ ਹੈ ਪਹਿਲਾਂ ਸਿਖ ਧਰਮ ਵਰਗੇ ਕਾਰਜ (ਇਫੈਕਟ) ਦੀ ਪ੍ਰਾਪਤੀ ਕਿਉਂ ਨਹੀਂ ਹੋ ਸਕੀ। ਸਿਖ ਧਰਮ ਵਰਗੀ ਭਗਤੀ ਤੇ ਸ਼ਕਤੀ ਨੂੰ ਇਕੋ ਵਿਅਕਤਿਤਵ ਦਾ ਅਟੁਟ ਅੰਗ ਮੰਨਣ ਵਾਲੀ ਕੋਈ ਵੀ ਪਰੰਪਰਾ ਪਹਿਲਾਂ ਕਿਉਂ ਨਾ ਵਿਕਸਿਤ ਹੋ ਸਕੀ। ਇਹ ਇਕ ਸੋਚਣ ਵਾਲੀ ਗੱਲ ਹੈ ਜਿਹੜੀ ਕਿ ਸਿਖ ਧਰਮ ਦੇ ਨਿਆਰੇਪਨ ਦਾ ਪੱਖ ਪੂਰਦੀ ਹੈ। ਲੇਕਿਨ ਇਥੇ ਫਿਰ ਇਸ ਤੱਥ ਵਲੋਂ ਅੱਖਾਂ ਨਹੀਂ ਮੀਟਣੀਆਂ ਚਾਹੀਦੀਆਂ ਕਿ ਹਰ ਧਰਮ ਦੂਜੇ ਧਰਮਾਂ ਦੇ ਪ੍ਰਭਾਵ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰਦਾ ਹੈ ਅਤੇ ਹਿੰਦੂ ਸਿੱਖ ਦੋਵੇਂ ਹੀ ਧਰਮ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦੇ। ਤੀਜੀ ਗੱਲ ਧਰਮ ਅਸਥਾਨਾਂ ਦੀ ਬਣਤਰ ਬਾਬਤ ਹੈ। ਇਸ ਲੇਖਕ ਨੂੰ ਅਯੋਧਿਆ, ਬਨਾਰਸ, ਮਥੁਰਾ, ਤਿਰੁਪਤੀ ਆਦਿਕ ਸਥਾਨਾਂ ਤੇ ਇਤਿਹਾਸਕ ਧਰਮ-ਅਸਥਾਨਾਂ ਨੂੰ ਵੇਖਣ ਦਾ ਦੋ ਤਿੰਨ ਵਾਰਾਂ ਮੌਕਾ ਮਿਲਿਆ ਹੈ। ਹਜ਼ਾਰਾਂ ਲੋਕ ਰੋਜ਼ ਇਹਨਾਂ ਅਸਥਾਨਾਂ 'ਤੇ ਪੂਜ ਕੇ ਆਤਮਕ ਸ਼ਾਂਤੀ ਪ੍ਰਾਪਤ ਕਰਦੇ ਹਨ ਪਰ ਇਹਨਾਂ ਦੀ ਬਣਤਰ ਵਿਚ ਇਕ ਗੱਲ ਨਿਸਚਿਤ ਤੌਰ 'ਤੇ ਸਾਂਝੀ ਹੋ ਕੇ ਉਘੜਦੀ ਹੈ ਕਿ ਇਹਨਾਂ ਅਸਥਾਨਾਂ 'ਤੇ ਸੰਗਤ ਰੂਪ ਵਿਚ ਬੈਠਣ ਦੀ ਆਸ ਨਹੀਂ ਕੀਤੀ ਜਾਂਦੀ। ਵਿਅਕਤੀਗਤ ਤੌਰ 'ਤੇ ਆਪਣੀ ਆਪਣੀ ਪੂਜਾ ਹੁੰਦੀ ਹੈ ਅਤੇ ਅਗੇ ਵਧਣਾ ਪੈਂਦਾ ਹੈ। ਇਕ ਅਸਥਾਨ 'ਤੇ ਬਰਾਬਰ ਬੈਠ ਕੇ ਜਿਸ ਹਉਮੈ ਤਿਆਗ ਦੀ ਸੰਭਾਵਨਾ ਬਣਦੀ ਹੈ ਅਤੇ ਇਕ ਦੂਜੇ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ, ਉਸ ਦਾ ਇਸ ਸਿਸਟਮ ਵਿਚ ਅਭਾਵ ਖਟਕਦਾ ਹੈ। ਗੁਰਦੁਆਰਿਆਂ ਦੀ ਬਣਤਰ ਹੀ ਐਸੀ ਹੈ ਕਿ ਏਥੇ ਬੈਠ ਕੇ ਵਿਚਾਰ ਵਟਾਂਦਰਾ ਹੁੰਦਾ ਹੈ। ਵਿਅਕਤੀਗਤ ਹਉਮੈ ਸੰਗਤ ਵਿਚ ਲੀਨ ਕੀਤੀ ਜਾਂਦੀ ਹੈ ਅਤੇ ਗੁਰਦੁਆਰੇ ਨਾਲ ਜੁੜੇ ਲੰਗਰ ਆਦਿ ਨਾਲ ਇਕ ਦੂਜੇ ਪ੍ਰਤੀ ਭੇਦ ਭਾਵ ਨੂੰ ਘੱਟ ਕਰਨ ਦੀ ਪ੍ਰੇਰਨਾ ਮਿਲਦੀ ਹੈ, ਜਾਤ-ਪਾਤ ਦਾ ਬੰਧਨ ਢਿੱਲਾ ਪੈਂਦਾ ਹੈ। ਇਹ ਸਾਰੀਆਂ ਗੱਲਾਂ ਸੰਕਲਪਿਕ ਤੌਰ 'ਤੇ ਸਿੱਖ ਧਰਮ ਦੇ ਬੁਨਿਆਦੀ ਨਿਆਰੇਪਨ ਨੂੰ ਉਜਾਗਰ ਕਰਦੀਆਂ ਹਨ। ਫਿਰ ਸਿਧਾਂਤਕ ਅਤੇ ਕਿਰਿਆਤਮਕ ਰੂਪ ਵਿਚ ਵੀ ਸਿਖ ਦੇ ਸਾਰੇ ਸੰਸਾਰਕ ਅਤੇ ਅਧਿਆਤਮਕ ਕੰਮ ਗੁਰਦੁਆਰੇ ਵਿਚ ਹੁੰਦੇ ਹਨ। ਹਰ ਉਤਸਵ ਦੇ ਅੰਤ ਵਿਚ ਲੰਗਰ ਹੁੰਦਾ ਹੈ ਜਿਸ ਵਿਚ ਜਾਤ-ਪਾਤ ਦਾ ਭੇਦ ਭਾਵ ਨਹੀਂ ਮੰਨਿਆ ਜਾਂਦਾ। ਸਿਖ ਧਰਮ ਬੇਸ਼ੱਕ ਕਿਸੇ ਦਾ ਨਿਰਾਦਰ ਨਹੀਂ ਕਰਦਾ ਪਰ ਫਿਰ ਵੀ ਇਕ ਪਰਮਾਤਮਾ ਤੋਂ ਇਲਾਵਾ ਕਿਸੇ ਦੇਵੀ ਦੇਵਤੇ ਵਿਚ ਵਿਸ਼ਵਾਸ਼ ਨਹੀਂ ਕਰਦਾ। ਸਿਖ ਕਿਸੇ ਵੀ ਦੇਹਧਾਰੀ ਗੁਰੂ ਨੂੰ ਨਹੀਂ ਮੰਨਦਾ ਅਤੇ ਕੇਵਲ ਸ਼ਬਦ ਨੂੰ ਹੀ ਗੁਰੂ ਮੰਨਦਾ ਹੈ। ਦਲਿਤ ਵਰਗ ਨੂੰ ਉਚਾ ਚੁੱਕਣ ਦੀ ਗੱਲ ਤਾਂ ਭਾਰਤ ਵਿਚ ਹੁਣ ਪੱਛਮੀ ਪ੍ਰਭਾਵ ਦੇ ਕਾਰਨ ਸ਼ੁਰੂ ਹੋਈ ਹੈ ਪਰੰਤੂ ਗੁਰੂ ਗੋਬਿੰਦ ਸਿੰਘ ਨੇ ਅੱਜ ਤੋਂ ਲਗਭਗ ਤਿੰਨ ਸੌ ਸਾਲ ਪਹਿਲਾਂ ਇਸ ਵਰਗ ਨੂੰ ਧੌਣ ਸਿਧੀ ਕਰ ਕੇ ਚਲਣ ਦਾ ਗੌਰਵ ਪ੍ਰਦਾਨ ਕੀਤਾ। ਸਿਖ ਧਰਮ ਦੇ ਮੂਲ ਮੰਤਰ ਵਿਚ ਵੀ ਪ੍ਰਭੂ ਦੇ ਜਿਸ ਸਰੂਪ ਦਾ ਵਰਣਨ ਹੈ ਅਤੇ ਉਸਦੇ ਗੁਣਾਂ ਦੇ ਕ੍ਰਮ ਦੇ ਆਧਾਰ 'ਤੇ ਜੋ ਜੀਵਨ ਫਲਸਫਾ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਦੁਨੀਆਂ ਦੇ ਦੂਜੇ ਧਰਮਾਂ ਵਿਚ ਨਹੀਂ ਮਿਲਦਾ। ਇਹ ਸਾਰੇ ਕੁਝ ਨੂੰ ਵਿਚਾਰਨ ਉਪਰੰਤ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿਖ ਧਰਮ ਕਿਤੇ ਕਿਤੇ ਹਿੰਦੂ ਧਰਮ ਅਤੇ ਅੱਨ-ਧਰਮਾਂ ਦੀ ਆਵਾਜ਼ ਨੂੰ ਬਲ ਦਿੰਦਾ ਹੈ ਅਤੇ ਕਿਤੇ ਕਿਤੇ ਇਹ ਵਿਲਖਣਤਾ ਅਤੇ ਮੌਲਿਕਤਾ ਭਰਪੂਰ ਹੈ।

ਦਲਜੀਤ ਸਿੰਘ ਦੀ ਲਾਸ਼ ਦਾ ਦੁਬਾਰਾ ਪੋਸਟ ਮਾਰਟਮ

ਨਵੀਂ ਦਿੱਲੀ — ਐਡੀਸ਼ਨਲ ਚੀਫ ਮੈਟਰੋਪਾਲਿਟਿਨ ਮੈਜਿਸਟਰੇਟ ਸ੍ਰੀਮਤੀ ਕੰਵਲ ਇੰਦਰ ਨੇ ਕਥਿਤ ਅਤਿਵਾਦੀ ਦਲਜੀਤ ਸਿੰਘ ਦੀ ਲਾਸ਼ ਦਾ ਦੁਬਾਰਾ ਪੋਸਟ ਮਾਰਟਮ ਕਰਾਏ ਜਾਣ ਦਾ ਆਦੇਸ਼ ਦਿਤਾ ਹੈ। ਦਲਜੀਤ ਸਿੰਘ ਦੇ ਭਰਾ ਦੀ ਬੇਨਤੀ ਉਤੇ ਸ੍ਰੀਮਤੀ ਕੰਵਲ ਇੰਦਰ ਨੇ ਕਿਹਾ ਹੈ ਕਿ ਪ੍ਰਾਈਵੇਟ ਡਾਕਟਰ ਪ੍ਰੀਤ ਸਿੰਘ ਚਾਵਲਾ ਦੀ ਹਾਜ਼ਰੀ ਵਿਚ ਆਲ ਇੰਡੀਆ ਇਂਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਚ ਪੋਸਟ ਮਾਰਟਮ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਵਿਚ ਕੀਤਾ ਗਿਆ ਸੀ। ਇਹ ਵਰਨਣਯੋਗ ਹੈ ਕਿ ਸ੍ਰੀ ਦਲਜੀਤ ਸਿੰਘ ਦੀ 25 ਜਨਵਰੀ ਨੂੰ ਪੁਲੀਸ ਹਿਰਾਸਤ ਵਿਚ ਹੀ ਮੌਤ ਹੋ ਗਈ ਸੀ। ਪਹਿਲੇ ਪੋਸਟ ਮਾਰਟਮ ਦੀ ਰਿਪੋਰਟ ਵਿਚ ਉਸ ਦੀ ਮੌਤ ਦਿਲ ਫੇਲ੍ਹ ਹੋਣ ਅਤੇ ਬਲੱਡ ਪਰੈਸ਼ਰ ਕਾਰਨ ਹੋਈ ਦੱਸੀ ਗਈ ਸੀ।

ਸ੍ਰੀ ਦਲਜੀਤ ਸਿੰਘ ਦੇ ਭਰਾ ਸ੍ਰੀ ਹਰਜੀਤ ਸਿੰਘ ਨੇ ਇਸ ਗੱਲ ਦਾ ਸ਼ੰਕਾ ਪ੍ਰਗਟ ਕੀਤਾ ਹੈ ਕਿ ਉਸਦੇ ਭਰਾ ਨੂੰ ਤਸੀਹੇ ਦੇ ਕੇ ਮਾਰਿਆ ਗਿਆ ਹੈ। ਸ੍ਰੀ ਦਲਜੀਤ ਸਿੰਘ ਦੀ ਮੌਤ ਦੇ ਕਾਰਨਾਂ ਦੀ ਮੈਜਿਸਟਰੇਟੀ ਜਾਂਚ ਦਾ ਆਦੇਸ਼ ਪਹਿਲਾਂ ਹੀ ਦੇ ਦਿਤਾ ਗਿਆ ਹੈ।

ਸਿੱਖ ਫੋਰਮ ਦੇ ਪ੍ਰਧਾਨ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੇ ਦਲਜੀਤ ਸਿੰਘ ਦੀ ਮੌਤ ਦੀ ਅਦਾਲਤੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ ਉਨ੍ਹਾਂ ਕਿਹਾ ਕਿ ਫੋਰਮ ਸਬੰਧਿਤ ਵਿਅਕਤੀਆਂ ਉਤੇ ਕੇਸ ਚਲਾਉਣ ਦਾ ਇਰਾਦਾ ਰਖਦੀ ਹੈ।

ਸੇਵਾਦਾਰ ਦੀ ਲਾਸ਼ ਮਿਲੀ

ਹੁਸ਼ਿਆਰਪੁਰ — ਇਥੋਂ 40 ਕਿਲੋਮੀਟਰ ਦੂਰ ਮੁਕੇਰੀਆਂ ਵਿਚ ਬਾਲਮੀਕ ਸਸਕਾਰ ਘਰ ਦੇ ਇਕ ਸੇਵਾਦਾਰ ਮੇਹਰ ਸ਼ਾਹ ਦੀ ਲਾਸ਼ ਉਸਦੇ ਕਮਰੇ ਵਿਚੋਂ ਮਿਲੀ। ਇਕ ਸਾਬਕਾ ਮਿਊਂਸਪਲ ਕਮਿਸ਼ਨਰ ਸ੍ਰੀ ਸੋਹਨ ਲਾਲ ਦੇ ਦੱਸਣ ਅਨੁਸਾਰ ਮੇਹਰ ਸ਼ਾਹ ਨੂੰ ਕੁਝ ਅਣਪਛਾਤੇ ਵਿਅਕਤੀ ਜਾਨੋਂ ਮਾਰ ਗਏ। ਉਸ ਦੇ ਸਿਰ ਉਤੇ ਜ਼ਖਮਾਂ ਦੇ ਨਿਸ਼ਾਨ ਸਨ।

ਫੈਸਲਾ ਲਟਕਾਉਣਾ ਖਤਰਨਾਕ

ਚੰਡੀਗੜ੍ਹ — ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਨੇ ਕਿਹਾ ਹੈ ਕਿ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕਰਨ ਨਾਲ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਦੋਖੀ ਤਾਕਤਾਂ ਨੂੰ ਬਲ ਮਿਲਿਆ ਹੈ। ਪਾਰਟੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਅਤਿਵਾਦੀਆਂ ਨੇ ਅਕਾਲ ਤਖਤ ਉਤੇ ਕਬਜ਼ਾ ਕਰਕੇ ਅਤੇ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ 'ਭੰਗ' ਕਰਕੇ ਇਸ ਸਮਝੌਤੇ ਵਿਰੁਧ ਲੜਾਈ ਦਾ ਐਲਾਨ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾਂ ਵਿਚ ਵੀ 'ਪਿਛਾਖੜੀ' ਤਾਕਤਾਂ ਨੇ ਸਮਝੌਤੇ ਦਾ ਖੁਲ੍ਹੇ ਤੌਰ 'ਤੇ ਵਿਰੋਧ ਕਰਨਾ ਸ਼ੁਰੂ ਕਰ ਦਿਤਾ ਹੈ। ਕਾਂਗਰਸ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਨੇ "ਇਲਾਕਾਈ ਨੇੜਤਾ' ਦੇ ਸਿਧਾਂਤ ਨੂੰ ਨਾ ਮੰਨ ਕੇ ਸਮਝੌਤੇ ਦਾ ਸ਼ਰੇਆਮ ਵਿਰੋਧ ਕੀਤਾ ਹੈ। ਉਸ ਨੇ ਦੋਹਾਂ ਰਾਜਾਂ ਦੇ ਰਲੇਵੇਂ ਦੇ ਪ੍ਰਸਤਾਵ ਨੂੰ ਮੁੜ ਦੁਹਰਾਇਆ ਹੈ।

ਸ੍ਰੀ ਮਲਹੋਤਰਾ ਨੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਸਮਝੌਤੇ ਨੂੰ ਸਹੀ ਢੰਗ ਨਾਲ ਲਾਗੂ ਕਰਾਉਣਾ ਯਕੀਨੀ ਬਣਾਇਆ ਜਾਵੇ ਅਤੇ ਸਮਝੌਤੇ ਨੂੰ ਸਾਬੋਤਾਜ ਕਰਨ ਵਾਲੀਆਂ ਸ਼ਕਤੀਆਂ ਵਿਰੁਧ ਪ੍ਰਭਾਵਸ਼ਾਲੀ ਕਦਮ ਉਠਾਏ ਜਾਣੇ। ਉਨ੍ਹਾਂ ਕਿਹਾ ਕਿ ਅਕਾਲੀ ਲੀਡਰਸ਼ਿਪ ਅਤੇ ਸਰਕਾਰ ਨੂੰ ਫਿਰਕਾਪ੍ਰਸਤ ਅਤੇ ਭੰਨਤੋੜ ਵਾਲੀਆਂ ਤਾਕਤਾਂ ਵਿਰੁਧ ਸਖਤੀ ਦਾ ਰਾਹ ਅਪਨਾਉਣਾ ਚਾਹੀਦਾ ਹੈ। ਕਿਸੇ ਨੂੰ ਵੀ ਅਮਨ ਕਾਨੂੰਨ ਅਤੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਅਤੇ ਅਧਿਕਾਰ ਛੱਡ ਦੇਣਾ ਵੀ ਅਤਿਵਾਦੀ ਤੱਤਾਂ ਨੂੰ ਮਜ਼ਬੂਤ ਕਰਨ ਵਾਲੀ ਗੱਲ ਹੈ।

ਸਾਬਕਾ ਮੰਤਰੀ ਦੀ ਕਾਰ ਨੂੰ ਹਾਦਸਾ

ਰਾਜਪੁਰਾ — ਇਥੋਂ ਦਸ ਕਿਲੋਮੀਟਰ ਦੂਰ ਸ਼ੰਭੂ ਬੈਰੀਅਰ ਲਾਗੇ ਸੁਰਜੀਤ ਸਿੰਘ ਮਜੀਠੀਆ ਸਾਬਕਾ ਵਿੱਤ ਮੰਤਰੀ ਦੀ ਕਾਰ ਦਾ, ਜਿਸ ਨੂੰ ਉਹ ਖੁਦ ਚਲਾ ਰਹੇ ਸਨ, ਅੱਗੇ ਜਾਂਦੇ ਟਰੱਕ ਵਿਚ ਵੱਜਣ ਕਾਰਨ ਇੰਜਣ ਆਦਿ ਪੂਰੀ ਤਰ੍ਹਾਂ ਨਸ਼ਟ ਹੋ ਗਿਆ ਜਦ ਕਿ ਸੁਰਜੀਤ ਸਿੰਘ ਨੂੰ ਖੁਦ ਮੂੰਹ ਅਤੇ ਨੱਗ ਲਾਗੇ ਮਾਮੂਲੀ ਚੋਟਾਂ ਆਈਆਂ। ਕਾਰ ਅੰਦਰ ਬੈਠੇ ਪਰਿਵਾਰ ਦੇ ਹੋਰ ਮੈਂਬਰ ਵਾਲ ਵਾਲ ਬਚ ਗਏ। ਸ੍ਰੀ ਮਜੀਠਿਆ ਸਣੇ ਪਰਿਵਾਰ ਦਿੱਲੀ ਤੋਂ ਪਟਿਆਲਾ ਪਰਤ ਰਹੇ ਸਨ।

ਭਾਰਤ ਦੀ ਏਕਤਾ ਅਤੇ ਅਖੰਡਤਾ ਵਿਰੁੱਧ

—ਜੇ. ਐਸ. ਚੌਹਾਨ, ਬਰਮਿੰਘਮ—

ਸੰਸਾਰ ਦੇ ਕਿਸੇ ਵੀ ਦੇਸ਼ ਦੇ ਕਿਸੇ ਵੀ ਵਿਅਕਤੀ ਕੋਲੋਂ ਜਦੋਂ ਇਹ ਪੁੱਛੀਏ ਕਿ ਤੂੰ ਕੌਣ ਏਂ ਤਾਂ ਉਹ ਕਹੇਗਾ ਕਿ ਮੈਂ ਚੀਨੀ ਹਾਂ, ਫਰਾਂਸੀਸੀ ਹਾਂ, ਅੰਗਰੇਜ਼ ਹਾਂ, ਜਾਪਾਨਾ ਹਾਂ, ਅਰਬੀ ਹਾਂ, ਈਰਾਨੀ ਹਾਂ। ਕਦੀ ਇਹ ਨਹੀਂ ਕਹੇਗਾ ਕਿ ਮੈਂ ਈਸਾਈ ਹਾਂ, ਕੈਥੋਲਿਕ ਹਾਂ, ਜਾਂ ਕੋਈ ਹੋਰ ਉਪਨਾਮ ਨਹੀਂ ਵਰਤੇਗਾ। ਪਰ ਸਾਡਾ ਭਾਰਤੀ ਲੋਕਾਂ ਦਾ ਤਾਂ ਜਿਵੇਂ ਬਾਬਾ ਆਦਮ ਹੀ ਦੁਨੀਆਂ ਤੋਂ ਨਿਰਾਲਾ ਹੈ। ਅਸੀਂ ਬੰਗਾਲੀ, ਅਸਾਮੀ, ਕਸ਼ਮੀਰੀ, ਪੰਜਾਬੀ, ਤਾਮਿਲ, ਬਿਹਾਰੀ, ਨਾ ਜਾਣੇ ਕੀ ਕੀ ਹਾਂ। ਪਰ ਭਾਰਤੀ ਜਾਂ ਹਿੰਦੁਸਤਾਨੀ ਆਪਣੇ ਆਪ ਨੂੰ ਕਦੀ ਨਹੀਂ ਕਹਾਂਗੇ। ਇਥੇ ਹੀ ਬੱਸ ਨਹੀਂ, ਅਸੀਂ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਜੈਨੀ, ਬੋਧੀ, ਪਾਰਸੀ ਹੀ ਨਹੀਂ ਸਗੋਂ ਇਸ ਤੋਂ ਵੀ ਅੱਗੇ ਜੱਟ, ਘੁਮਿਆਰ, ਜੁਲਾਹੇ, ਮੋਚੀ, ਸੁਨਿਆਰੇ, ਛੀਂਬੇ, ਧੋਬੀ, ਚਮਿਆਰ, ਚੂਹੜੇ, ਬ੍ਰਾਹਮਣ, ਰੋੜੇ ਖੱਤਰੀ ਨਾ ਜਾਣੇ ਕੀ ਕੀ ਹਾਂ ਪਰ ਭਾਰਤੀ ਨਹੀਂ ਕਹਾਂਗੇ।

ਵਖਰੇਵਾਂ

ਵਖਰੇਵੇਂ ਦੀ ਇਹ ਰੁਚੀ ਕੇਵਲ ਦੇਸ਼ ਵਿਚ ਹੀ ਨਹੀਂ ਸਗੋਂ ਅਸੀਂ ਇਸ ਬਿਮਾਰੀ ਨੂੰ ਆਪਣੇ ਨਾਲ ਦੇਸ਼ੋਂ ਬਾਹਰ ਸੱਤ ਸਮੁੰਦਰ ਪਾਰ ਵੀ ਨਾਲ ਹੀ ਲੈ ਕੇ ਆਏ ਹਾਂ। ਸੰਸਾਰ ਦਾ ਕੋਈ ਦੇਸ਼ ਨਹੀਂ ਜਿਥੇ ਅੱਜ ਭਾਰਤੀ ਲੋਕ ਜ਼ਿੰਦਗੀ ਦੇ ਹਰ ਖੇਤਰ ਵਿਚ ਛਾਏ ਹੋਏ ਨਾ ਦਿਸਦੇ ਹੋਣ। ਪਰ ਆਪਣੇ ਇਸ ਮਿਹਨਤੀ ਗੁਣਾਂ ਦੇ ਬਾਵਜੂਦ ਅਸੀਂ ਵਖਰੇਵਿਆਂ ਅਤੇ ਜਾਤਪ੍ਰਸਤੀ ਦੇ ਪੁਜਾਰੀ ਹੋਣ 'ਤੇ ਪੂਰਾ ਪੂਰਾ ਮਾਣ ਕਰਦੇ ਹਾਂ। ਅਸੀਂ ਸਫਰ ਤਾਂ ਭਾਰਤੀ ਪਾਸਪੋਰਟ 'ਤੇ ਕਰਦੇ ਹਾਂ ਪਰ ਪੁੱਛਣ 'ਤੇ ਕਿ "ਤੂੰ ਕੌਣ ਏਂ?" ਅਸੀਂ ਕੁਝ ਹੋਰ ਹੀ ਦੱਸਾਂਗੇ। ਇਹ ਨਹੀਂ ਕਿ ਭਾਰਤੀ ਸਗੋਂ ਨਾਂ ਵੀ ਨਹੀਂ, ਬਲਕਿ ਗੋਤ ਜਾਂ ਅਜਿਹਾ ਹੀ ਵੱਖਰੇਪਣ ਵਾਲਾ ਕੋਈ ਹੋਰ ਹੀ ਉਪਨਾਮ ਦੱਸਾਂਗੇ ਜਿਵੇਂ ਬੰਗੜ, ਰੰਧਾਵਾ ਜਾਂ ਕੁਝ ਹੋਰ। ਆਪੋ ਵਿਚ ਇਹ ਗੱਲ ਕਰਦਿਆਂ ਵੀ ਇੰਜ ਹੀ ਦੂਜੇ ਦਾ ਹਵਾਲਾ ਦਿੰਦੇ ਹਾਂ ਕਿ ਫਲਾਣਾ ਬੰਗਾਲੀ, ਗੁਜਰਾਤੀ, ਭਈਆ, ਕੱਛੀ ਜਾਂ ਪੰਜਾਬੀ ਹੈ।

ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਅੰਗਰੇਜ਼ ਤਾਂ ਸਾਨੂੰ ਭਾਰਤੀ ਸਮਝਦੇ ਹਨ ਜਦੋਂ ਕਿ ਅਸੀਂ ਆਪਣੇ ਬਾਰੇ ਅਗੋਂ ਕੁਝ ਹੋਰ ਦਸਦੇ ਹਾਂ। ਇਹ ਜਾਤ-ਪਾਤ ਊਚ-ਨੀਚ ਦਾ ਵਖਰੇਵਾਂ ਜਿਸ ਨੂੰ ਖਤਮ ਕਰਨ ਲਈ ਦਸ ਗੁਰੂ ਸਾਹਿਬਾਨ, ਗੌਤਮ ਰਿਸ਼ੀ, ਡਾ. ਅੰਬੇਦਕਰ ਆਦਿ ਮਹਾਨ ਹਸਤੀਆਂ ਨੇ ਆਦੇਸ਼ ਦਿਤਾ ਅਤੇ ਆਜ਼ਾਦੀ ਪਿਛੋਂ ਭਾਰਤ ਸਰਕਾਰ ਵਲੋਂ ਵਿਸ਼ੇਸ਼ ਕਾਨੂੰਨ ਵੀ ਲਾਗੂ ਕੀਤੇ ਗਏ, ਅੱਜ ਵੀ ਨਾ ਕੇਵਲ ਸਾਡੇ ਹੱਡਾਂ ਵਿਚ ਬੁਰੀ ਤਰ੍ਹਾਂ ਰਚਿਆ ਹੋਇਆ ਹੈ ਸਗੋਂ ਅਸੀਂ ਛੱਡਣ ਲਈ ਤਿਆਰ ਹੀ ਨਹੀਂ ਹਾਂ। ਅਸੀਂ ਗੁਰੂ ਮਹਾਰਾਜ ਜੀ ਦੇ ਮਹਾਂਵਾਕ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਜਾਂ ਰਵੀਦਾਸ ਦੀ ਬਾਣੀ "ਪੰਡਤ ਔਰ ਚੰਡਾਲ ਮੇ ਰਵੀਦਾਸ ਨਾ ਅੰਤਰ ਜਾਣ" ਨੂੰ ਭੁੱਲ ਚੁੱਕੇ ਹਾਂ।

ਇੰਗਲੈਂਡ ਵਿਚ ਅੱਜ ਤੋਂ 20-25 ਵਰ੍ਹੇ ਪਹਿਲਾਂ ਅਸੀਂ ਕੇਵਲ ਇੰਡੀਅਨ (ਭਾਰਤੀ) ਦੇ ਨਾਂ ਨਾਲ ਹੀ ਜਾਣੇ ਜਾਂਦੇ ਸਾਂ, ਜਾਂ ਵੱਧ ਤੋਂ ਵੱਧ ਗੋਰੇ ਕਿਸੇ ਨੂੰ 'ਮਿਸਟਰ ਸਿੰਘ' ਕਹਿ ਕੇ ਸੰਬੋਧਨ ਕਰ ਲਿਆ ਕਰਦੇ ਸਨ। ਪਿਛੋਂ ਹੌਲੀ ਹੌਲੀ ਅਸੀਂ ਨਾ ਕੇਵਲ ਵੱਖੋ ਵੱਖ ਧਰਮਾਂ, ਵਰਗਾਂ, ਗੋਤਾਂ, ਜਾਤ ਬਰਾਦਰੀ ਦੇ ਨਾਂ 'ਤੇ ਧਰਮ ਅਦਾਰੇ ਹੀ ਸਥਾਪਤ ਕੀਤੇ ਸਗੋਂ ਸਿਆਸੀ ਜਥੇਬੰਦੀਆਂ ਨੂੰ ਵੀ ਵਖਰੇਵੇਂ ਦੇ ਆਧਾਰ 'ਤੇ ਕਾਇਮ ਕੀਤਾ। ਆਪਣੇ ਆਪ ਨੂੰ ਇੰਡੀਅਨ ਜਾਂ ਭਾਰਤੀ ਨਹੀਂ ਸਗੋਂ ਰਾਮਗੜ੍ਹੀਆ, ਹਰਜੀਨ ਜਾਂ ਕੁਝ ਹੋਰ ਕਹਾ ਕੇ ਖੁਸ਼ ਹੁੰਦੇ ਹਾਂ। ਗੋਰੇ ਉਲਟਾ ਸਾਡਾ ਮਖੌਲ ਹੀ ਨਹੀਂ ਉਡਾਉਂਦੇ, ਬਲਕਿ ਸਾਡੀ ਇਸ ਵਖਰੇਵੇਂ ਦੀ ਰੁਚੀ ਤੋਂ ਲਾਭ ਉਠਾ ਕੇ ਸਾਨੂੰ ਹੋਰ ਵੀ ਇਕ ਦੂਜੇ ਤੋਂ ਦੂਰ ਕਰ ਰਹੇ ਹਨ।

ਹੱਥਠੋਕੇ

ਇਕ ਪਾਸੇ ਤਾਂ ਸਾਨੂੰ ਸ਼ਾਇਰੇ - ਮਸ਼ਰਕ ਇਕਬਾਲ ਦੀ ਰੂਹ ਪੁਕਾਰ ਕੇ ਕਹਿ ਰਹੀ ਹੈ "ਅਬ ਭੀ ਨਾ ਸਮਝੇ ਤੋ ਮਿਟ ਜਾਓਗੇ ਐ ਹਿੰਦੁਸਤਾ ਵਾਲੋ, ਤੁਮ੍ਹਾਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋਂ ਮੇਂ।" ਦੂਜੇ ਪਾਸੇ ਸਾਰੀਆਂ ਸਾਮਰਾਜੀ ਵਿਦੇਸ਼ੀ ਸ਼ਕਤੀਆਂ ਸਾਨੂੰ ਪਾੜਨ 'ਤੇ ਤੁਲੀਆਂ ਹੋਈਆਂ ਹਨ। ਪਰ ਅਸੀਂ ਹਕੀਕਤ ਨੂੰ ਨਾ ਕੇਵਲ ਅੱਖਾਂ ਮੀਟ ਕੇ ਅਣਗੌਲਿਆਂ ਕਰੀ ਜਾ ਰਹੇ ਹਾਂ ਸਗੋਂ ਭਾਰਤ ਦੁਸ਼ਮਣ ਤਾਕਤਾਂ ਦੇ ਹੱਥਠੋਕੇ ਬਣ ਗਏ ਹਾਂ।

ਵੱਖਵਾਦ ਦਾ ਜੋ ਜ਼ਹਿਰ ਦੇਸ਼ ਵਿਚ ਫੈਲਿਆ ਹੋਇਆ ਹੈ, ਉਹ ਤਾਂ ਸਭ ਦੇ ਸਾਹਮਣੇ ਹੀ ਹੈ। ਪਰ ਏਧਰ ਇੰਗਲੈਂਡ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਗੁੱਟਬੰਦੀ ਸਾਜ਼ਸ਼ਾਂ ਸੂਝਵਾਨ ਦੇਸ਼ ਸਨੇਹੀਆਂ ਨੂੰ ਦੱਸ ਰਹੀਆਂ ਹਨ: "ਤੁਮ੍ਹਾਰੀ ਬਰਬਾਦੀ ਕੇ ਚਰਚੇ ਹੈਂ ਆਸਮਾਨੋਂ ਮੇਂ।"

ਭਾਰਤ ਸਰਕਾਰ ਹਰ ਸਾਲ ਕਰੋੜਾਂ ਰੁਪਏ ਆਪਣੇ ਦੂਤਘਰਾਂ 'ਤੇ ਖਰਚ ਕਰ ਰਹੀ ਹੈ। ਪਰ ਜਨਤਾ ਦੀ ਕਮਾਈ 'ਤੇ ਪਲਣ ਵਾਲੇ ਇਹ ਸਫੈਦ ਹਾਥੀ, ਨੌਕਰਸ਼ਾਹੀ ਦੀ ਪਰੰਪਰਾ ਦੀ ਧੁਨ ਵਿਚ ਮਸਤ ਐਸ਼-ਇਸ਼ਰਤ ਵਿਚ ਗਲਤਾਨ ਹਨ ਜਦੋਂ ਕਿ ਵਿਰੋਧੀ ਰੁਚੀਆਂ ਵਾਲੀਆਂ ਸ਼ਕਤੀਆਂ ਭਾਰਤ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਵਿਰੁਧ ਪੂਰੀ ਤਰ੍ਹਾਂ ਲਾਮਬੰਦ ਹੋ ਰਹੀਆਂ ਹਨ। ਬਰਮਿੰਘਮ ਦਾ ਭਾਰਤੀ ਹਾਈ ਕਮਿਸ਼ਨ ਕੇਵਲ ਇਸ ਗੱਲ 'ਤੇ ਹੀ ਜ਼ੋਰ ਦੇਈ ਜਾ ਰਿਹਾ ਹੈ ਕਿ ਵੱਧ ਤੋਂ ਵੱਧ ਬਰਤਾਨਵੀ ਪਾਸਪੋਰਟ ਵਾਲਿਆਂ ਨੂੰ ਭਾਰਤ ਦਾ ਵੀਜ਼ਾ ਨਾ ਦੇ ਕੇ ਦੇਸ਼ ਯਾਤਰਾ ਤੋਂ ਰੋਕਿਆ ਜਾ ਸਕੇ ਜਾਂ ਫਿਰ ਭਾਰਤ ਦਾ ਗਣਤੰਤਰਤਾ ਦਿਵਸ 26 ਜਨਵਰੀ ਨੂੰ ਮਨਾ ਕੇ ਹਜ਼ਾਰਾਂ ਪੌਂਡਾਂ ਦੀ ਸ਼ਰਾਬ ਡੋਲ੍ਹ ਕੇ ਦਿੱਲੀ ਵਾਲਿਆਂ ਨੂੰ ਖੁਸ਼ ਰੱਖੀਏ ਜਦੋਂ ਕਿ ਭਾਰਤ ਦੁਸ਼ਮਣ ਤਾਕਤਾਂ ਕੁਝ ਹੋਰ ਹੀ ਕਰ ਰਹੀਆਂ ਹਨ।

ਮਸ਼ਵਰਾ

ਪਿਛਲੇ ਹਫਤੇ ਬਰਮਿੰਘਮ ਦੇ ਇਲਾਕਾ ਐਜਬਾਸਟਨ ਦੀ ਐਜ਼ਰਵਾਇਰ ਰੋਡ 'ਤੇ ਪਾਕਿਸਤਾਨੀ ਮਕਬੂਜ਼ਾ ਕਸ਼ਮੀਰ ਵਾਲਿਆਂ ਦੀ "ਸੰਸਾਰ ਤਹਿਰੀਕੇ ਅਮਲ" ਵਲੋਂ ਇਕ ਵਿਸ਼ੇਸ਼ ਕਾਨਫਰੰਸ ਰੱਖੀ ਗਈ ਜਿਸ ਵਿਚ ਬਰਤਾਨੀਆਂ ਦੀ ਲੇਬਰ ਪਾਰਟੀ ਦੀ ਰੀੜ੍ਹ ਦੀ ਹੱਡੀ ਮਿਸਟਰ ਡੈਨਸ ਹਾਵਲ ਐਮ. ਪੀ. ਨੂੰ ਸੱਦਿਆ ਗਿਆ। ਮਿਸਟਰ ਹਾਵਲ ਨੇ ਜਿਥੇ ਇਹ ਯਕੀਨ ਦੁਆਇਆ ਕਿ ਉਹ ਕਸ਼ਮੀਰ ਨੂੰ ਭਾਰਤ ਤੋਂ ਵੱਖ ਕਰਨ ਵਿਚ ਉਨ੍ਹਾਂ ਦੀ ਪੂਰੀ ਪੂਰੀ ਸਹਾਇਤਾ ਕਰਨਗੇ, ਉਥੇ ਤਹਿਰੀਕੇ ਅਮਲ ਪਾਰਟੀ ਦੇ ਕਰਮਚਾਰੀਆਂ ਨੂੰ ਇਹ ਵੀ ਮਸ਼ਵਰਾ ਦਿਤਾ ਕਿ ਉਹ ਮੁਨੱਜ਼ਮ ਢੰਗ ਨਾਲ ਆਪਣੇ ਕੇਸ ਬਰਤਾਨੀਆ ਵਿਚੋਂ ਯੂ. ਐਨ. ਓ. ਵਿਚ ਪਹੁੰਚਾਉਣ ਤਾਂ ਕਿ ਬਰਤਾਨਵੀ ਸਰਕਾਰ ਉਨ੍ਹਾਂ ਦੀ ਸਹਾਇਤਾ ਕਰ ਸਕੇ। ਮਿਸਟਰ ਹਾਵਲ ਨੇ ਆਪਣੇ ਭਾਸ਼ਨ ਵਿਚ ਇਹ ਵੀ ਕਿਹਾ ਕਿ ਬਾਵਜੂਦ ਇਸ ਦਬਾਓ ਦੇ ਕਿ ਭਾਰਤ ਦੀ ਵੰਡ ਨਾ ਕੀਤੀ ਜਾਵੇ, ਉਸ ਸਮੇਂ ਦੀ ਲੇਬਰ ਸਰਕਾਰ ਨੇ ਪਾਕਿਸਤਾਨ ਕਾਇਮ ਕੀਤਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਅਫਸੋਸ ਹੈ ਕਿ ਜੇ ਉਸ ਸਮੇਂ ਮਿਸਟਰ ਜਿਨਾਹ ਕਸ਼ਮੀਰ ਦੀ ਗੱਲ ਕਰਦੇ ਤਾਂ ਉਹ ਵੀ ਅੱਡ ਕਰ ਦਿੰਦੇ। ਪਰ ਉਨ੍ਹਾਂ ਸਮੇਂ ਸਿਰ ਮੰਗ ਨਹੀਂ ਕੀਤੀ, ਪਿਛੋਂ ਗਲ ਤੋਰੀ ਸੀ।

ਚੈਨ ਦੀ ਬੰਸਰੀ

ਇਥੇ ਹੀ ਬਸ ਨਹੀਂ, ਜਿਨ੍ਹਾਂ ਅਖੌਤੀ ਓਵਰਸੀਜ਼ ਕਾਂਗਰਸ ਪਾਰਟੀ ਦੇ ਲੀਡਰਾਂ ਦੇ ਹੱਥਾਂ ਵਿਚ ਭਾਰਤੀ ਹਾਈ ਕਮਿਸ਼ਨ ਖੇਡ ਰਿਹਾ ਹੈ, ਉਹ ਖੁਲ੍ਹ ਕੇ ਵੱਖਵਾਦੀ ਖਾਲਿਸਤਾਨੀ ਤਹਿਰੀਕ ਦੀ ਸਹਾਇਤਾ ਕਰ ਰਹੇ ਹਨ। ਲੰਦਨੋਂ ਨਿਕਲਦੇ ਪੰਜਾਬੀ ਸਪਤਾਹਿਕ "ਦੇਸ ਪ੍ਰਦੇਸ" ਵਿਚ ਉਨ੍ਹਾਂ ਦੇ ਹਰ ਹਫਤੇ ਸੈਂਕੜੇ ਪੌਂਡਾਂ ਦੇ ਇਸ਼ਤਿਹਾਰ ਛਪਦੇ ਹਨ। ਇਥੋਂ ਤਕ ਕਿ ਏਅਰ ਇੰਡੀਆ "ਹਿੰਦੁਸਤਾਨ ਟਰੈਵਲਜ਼" ਦੇ ਸਭ ਤੋਂ ਵੱਡੇ ਡੀਲਰ ਵਲੋਂ ਵੀ "ਦੇਸ ਪ੍ਰਦੇਸ" ਦੀ ਇਸ਼ਤਿਹਾਰੀ ਰੂਪ ਵਿਚ ਮਾਇਕ ਸਹਾਇਤਾ ਕੀਤੀ ਜਾ ਰਹੀ ਹੈ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਹ ਸਪਤਾਹਿਕ "ਦੇਸ ਪ੍ਰਦੇਸ" ਹੀ ਹੈ ਜਿਸ ਰਾਹੀਂ ਯੂਰਪ, ਕੈਨੇਡਾ ਅਤੇ ਬਰਤਾਨੀਆ ਵਿਖੇ ਅਖੌਤੀ ਖਾਲਿਸਤਾਨ ਦਾ ਪਰਚਾਰ ਅੱਜ ਵੀ ਜ਼ੋਰਾਂ 'ਤੇ ਹੈ, ਜਦੋਂ ਕਿ ਭਾਰਤੀ ਹਾਈ ਕਮਿਸ਼ਨ ਵਾਲੇ ਕੇਵਲ ਰਾਸ਼ਟਰੀ ਜਸ਼ਨਾਂ ਵਿਚ ਹੀ ਮਸਤ ਹਨ ਯਾਨੀ ਰੋਮ ਜਲ ਰਿਹਾ ਹੈ ਪਰ ਨੀਰੋ-ਚੈਨ ਦੀ ਬੰਸਰੀ ਵਜਾਈ ਜਾ ਰਿਹਾ ਹੈ।

ਕੰਪਲੈਕਸ ਦਾ ਉਦਘਾਟਨ

ਮੋਗਾ, (ਪ. ਟ. ਬ.) – ਪੰਜਾਬ ਰਾਜ ਖੇਤੀ ਮੰਡੀਕਰਣ ਬੋਰਡ ਦੇ ਚੇਅਰਮੈਨ ਤੋਤਾ ਸਿੰਘ ਨੇ ਇਥੇ ਨਵੀਂ ਅਨਾਜ ਮੰਡੀ ਵਿਚ 16 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਮਾਰਕੀਟ ਕਮੇਟੀ ਦੇ ਦਫਤਰੀ ਕੰਪਲੈਕਸ ਤੇ ਆਰਾਮ ਘਰ ਦਾ ਉਦਘਾਟਨ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਸ੍ਰੀ ਤੋਤਾ ਸਿੰਘ ਨੇ ਕਿਹਾ ਕਿ ਮੰਡੀਕਰਣ ਬੋਰਡ ਦੀ ਵੱਖ ਵੱਖ ਮੰਡੀਆਂ ਵਿਚ ਸਸਤੀਆਂ ਕੰਟੀਨਾਂ ਕਾਇਮ ਕਰਨ ਦੀ ਯੋਜਨਾ ਹੈ।

ਵਿਦੇਸ਼ੀ ਸਿੱਕੇ ਦੇ ਭੰਡਾਰਾਂ ਨੂੰ ਖੋਰਾ ਜਾਰੀ

ਨਵੀਂ ਦਿੱਲੀ — ਪਿਛਲੇ ਲਗਾਤਾਰ ਸੱਤ ਹਫਤਿਆਂ ਤੋਂ ਦੇਸ਼ ਦੇ ਵਿਦੇਸ਼ੀ ਸਿੱਕੇ ਦੇ ਜ਼ਖੀਰਿਆਂ ਵਿਚ ਨਿਘਾਰ ਦਾ ਰੁਝਾਨ ਜਾਰੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਹ ਨਿਘਾਰ 22 ਨਵੰਬਰ, 1985 ਤੋਂ ਸ਼ੁਰੂ ਹੋਇਆ। 10 ਜਨਵਰੀ, 1986 ਤੱਕ ਵਿਦੇਸ਼ੀ ਸਿੱਕੇ ਦੇ ਜ਼ਖੀਰਿਆਂ ਨੂੰ ਕੁੱਲ 455.81 ਕਰੋੜ ਰੁਪਏ ਦਾ ਖੋਰਾ ਲੱਗ ਚੁੱਕਾ ਸੀ।

22 ਨਵੰਬਰ 1985 ਨੂੰ ਇਹ ਜ਼ਖੀਰੇ 6808.44 ਕਰੋੜ ਰੁਪਏ ਦੇ ਸਨ ਪਰ 10 ਜਨਵਰੀ, 1986 ਨੂੰ ਇਹ ਘਟ ਕੇ 6352.63 ਕਰੋੜ ਰੁਪਏ ਰਹਿ ਗਏ। ਇਥੇ ਵਰਨਣਯੋਗ ਹੈ ਕਿ ਉਪਰੋਕਤ ਰਕਮਾਂ ਵਿਚ ਸੋਨਾ ਤੇ ਕੌਮਾਂਤਰੀ ਏਜੰਸੀਆਂ ਤੋਂ ਰਕਮਾਂ ਲੈਣ ਦਾ ਵਿਸ਼ੇਸ਼ ਹੱਕ ਸ਼ਾਮਲ ਨਹੀਂ।

ਉਂਜ ਕੁਲ ਮਿਲਾ ਕੇ ਪਿਛਲੇ ਸਾਲ ਦੇ ਵਿਦੇਸ਼ੀ ਸਿੱਕੇ ਦੇ ਭੰਡਾਰਾਂ ਵਿਚ ਵਾਧਾ ਹੋਇਆ। 11 ਜਨਵਰੀ 1985 ਨੂੰ ਇਹ ਭੰਡਾਰ 6140.58 ਕਰੋੜ ਰੁਪਏ ਦੇ ਸਨ ਕਿਉਂਕਿ 10 ਜਨਵਰੀ, 1986 ਨੂੰ 6352.63 ਰੁਪਏ ਦੇ ਸਨ, ਇਸ ਤਰ੍ਹਾਂ ਇਕ ਸਾਲ ਦੇ ਅਰਸੇ ਦੌਰਾਨ ਇਨ੍ਹਾਂ ਵਿਚ 212.05 ਕਰੋੜ ਰੁਪਏ ਦਾ ਵਾਧਾ ਹੋਇਆ। ਇਕ ਸਾਲ ਦੌਰਾਨ 10 ਮਈ 1985 ਨੂੰ ਵਿਦੇਸ਼ੀ ਸਿੱਕੇ ਦੇ ਭੰਡਾਰ ਸਿਖਰ 'ਤੇ ਜਾ ਪਹੁੰਚੇ। ਉਦੋਂ ਇਹ ਰਕਮ 7247.06 ਕਰੋੜ ਰੁਪਏ ਸੀ। ਇਸ ਪਿਛੋਂ ਇਸ ਵਿਚ ਘਾਟੇ ਵਾਧੇ ਦਾ ਰੁਝਾਨ ਚਲਦਾ ਰਿਹਾ।

11 ਮਈ, 1985 ਤੋਂ 10 ਜਨਵਰੀ, 1986 ਤਕ ਇਨ੍ਹਾਂ ਭੰਡਾਰਾਂ ਨੂੰ 894.93 ਕਰੋੜ ਰੁਪਏ ਦਾ ਖੋਰਾ ਲੱਗਾ। ਇਸ ਤੋਂ ਪਹਿਲੇ ਅੱਠ ਮਹੀਨਿਆਂ ਦੌਰਾਨ ਇਨ੍ਹਾਂ ਵਿਚ 642.73 ਕਰੋੜ ਰੁਪਏ ਦਾ ਇਜ਼ਾਫਾ ਹੋਇਆ ਸੀ।

ਵਿੱਤੀ ਮਾਹਿਰਾਂ ਅਨੁਸਾਰ ਵਿਦੇਸ਼ੀ ਸਿੱਕੇ ਦੇ ਜ਼ਖੀਰਿਆਂ ਵਿਚ ਨਿਘਾਰ ਦਾ ਮੁਖ ਕਾਰਨ ਦਰਾਮਦ ਨੀਤੀ ਵਿਚ ਨਰਮੀ ਹੈ। ਪਿਛਲੇ ਅੱਠ ਮਹੀਨਿਆਂ ਦੌਰਾਨ ਕੇਂਦਰ ਸਰਕਾਰ ਨੇ ਵੱਖ ਵੱਖ ਸਨਅਤਾਂ ਨੂੰ ਵਿਦੇਸ਼ਾਂ ਤੋਂ ਆਧੁਨਿਕ ਕਲ-ਪੁਰਜ਼ੇ ਦਰਾਮਦ ਕਰਨ ਦੀ ਭਾਰੀ ਖੁਲ੍ਹ ਦਿਤੀ ਜਿਸ ਦੇ ਨਤੀਜੇ ਵਜੋਂ ਵਿਦੇਸ਼ੀ ਸਿੱਕੇ ਦੀ ਮੰਗ ਵਧਣਾ ਸੁਭਾਵਿਕ ਹੀ ਸੀ।

ਇਸ ਤੋਂ ਇਲਾਵਾ ਬਰਾਮਦਾਤ ਘਟਣ ਕਾਰਨ ਵੀ ਦੇਸ਼ ਨੂੰ ਵਿਦੇਸ਼ੀ ਸਿੱਕੇ ਦੀ ਬਹੁਤੀ ਵਟਕ ਨਹੀਂ ਹੋਈ। ਮਾਹਿਰਾਂ ਅਨੁਸਾਰ ਅਗਲੇ ਕੁਝ ਮਹੀਨਿਆਂ ਦੌਰਾਨ ਨਿਘਾਰ ਦਾ ਰੁਝਾਨ ਜਾਰੀ ਰਹੇਗਾ। ਇਸ ਦੀ ਮੁਖ ਵਜ੍ਹਾ ਦਰਾਮਦਾਤ ਦਾ ਵਾਧਾ ਹੀ ਹੈ। ਪਰ ਮਾਹਿਰ ਇਸ ਨੁਕਤੇ 'ਤੇ ਸਹਿਮਤ ਹਨ ਕਿ ਵਿਦੇਸ਼ਾਂ ਤੋਂ ਦਰਾਮਦ ਕੀਤੇ ਜਾਣ ਵਾਲੇ ਕਲ-ਪੁਰਜ਼ਿਆਂ ਦਾ ਦੇਸ਼ ਵਿਚ ਨਿਰਮਾਣ ਸ਼ੁਰੂ ਹੋਣ ਅਤੇ ਭਾਰਤੀ ਸਨਅਤੀ ਮਾਲ ਦਾ ਮਿਆਰ ਕੌਮਾਂਤਰੀ ਮਾਰਕੀਟ ਦੇ ਪੱਧਰ 'ਤੇ ਪਹੁੰਚਣ ਦੇ ਨਾਲ ਹੀ ਖੋਰੇ ਦਾ ਰੁਝਾਨ ਠੱਲ੍ਹ ਜਾਵੇਗਾ ਅਤੇ ਵਿਦੇਸ਼ੀ ਸਿੱਕੇ ਦੇ ਭੰਡਾਰ ਮੁੜ ਭਰਨੇ ਸ਼ੁਰੂ ਹੋ ਜਾਣਗੇ।

ਤਖਤ ਦੀ ਸ਼ਾਨਦਾਰ ਮੀਨਾਕਾਰੀ ਦਾ ਕੀ ਬਣੇਗਾ?

ਅੰਮ੍ਰਿਤਸਰ — ਇਸ ਗੱਲ ਦੇ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ ਕਿ ਅਕਾਲ ਤਖਤ ਦੀ ਮੁੜ ਉਸਾਰੀ ਵਿਚ ਇਸ ਦੀ ਇਮਾਰਤ ਦੇ ਅੰਦਰ ਕੰਧ ਚਿਤਰ ਤੇ ਸ਼ਾਨਦਾਰ ਮੀਨਾਕਰੀ ਵੀ ਨਸ਼ਟ ਹੋ ਕੇ ਰਹਿ ਜਾਵੇਗੀ। ਕੋਠਾ ਸਾਹਿਬ ਵਿਚ ਪੇਂਟਿਗਜ਼ ਫੌਜੀ ਕਾਰਵਾਈ ਸਮੇਂ ਸੁਰੱਖਿਅਤ ਰਹਿ ਗਈਆਂ ਸਨ ਪਰ ਫਿਰ ਵੀ ਸੰਘਣੇਂ ਧੂੰਏਂ ਨੇ ਇਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਫੌਜੀ ਕਾਰਵਾਈ ਤੋਂ ਕੁਝ ਚਿਰ ਪਿਛੋਂ ਕਿਸੇ ਰਸਾਇਣਕ ਘੋਲ ਦੀ ਵਰਤੋਂ ਨਾਲ ਇਸ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰ ਦਿੱਤਾ ਗਿਆ। ਇਸ ਇਮਾਰਤ ਵਿਚ ਹਿੰਦੂ ਮਿਥਿਹਾਸ ਨਾਲ ਸਬੰਧਿਤ ਪੇਂਟਿਗਜ਼ ਵੀ ਹਨ। ਮਿਸਾਲ ਦੇ ਤੌਰ ਤੇ ਇਕ ਪੇਂਟਿਗ ਵਿਚ ਕ੍ਰਿਸ਼ਨ ਤੇ ਸੁਦਾਮਾ ਵੇਖੇ ਜਾ ਸਕਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਛਕਾਏ ਜਾਣ, ਮਾਤਾ ਸੁੰਦਰੀ ਵਲੋਂ ਇਸ ਵਿਚ ਪਤਾਸੇ ਪਾਉਣ ਨਾਲ ਸਬੰਧਿਤ ਪੇਂਟਿਗਜ਼ ਵੀ ਦੇਖੀਆਂ ਜਾ ਸਕਦੀਆਂ ਹਨ। ਇਕ ਪੇਂਟਿਗ ਵਿਚ ਭਾਈ ਬਿਧੀ ਚੰਦ ਮੁਗਲ ਤਬੇਲੇ ਤੋਂ ਚੋਰੀ ਲਿਆਂਦੇ ਘੋੜੇ ਗੁਰੂ ਹਰਗੋਬਿੰਦ ਸਾਹਿਬ ਨੂੰ ਭੇਟ ਕਰ ਰਿਹਾ ਹੈ। ਇਹ ਸਾਰੇ ਸਿੱਖ ਇਤਿਹਾਸ ਤੇ ਕਲਾ ਦੇ ਉਤਮ ਨਮੂਨੇ ਹਨ।

ਮਾਹਿਰਾਂ ਅਨੁਸਾਰ ਇਹ ਪੇਂਟਿਗਜ਼ ਪੇਂਟਿਗ ਦੀ "ਟਰਾਂਸਪਲਾਂਟੇਸ਼ਨ" ਤਕਨੀਕ ਨਾਲ ਬਣਾਈਆਂ ਜਾ ਸਕਦੀਆਂ ਹਨ ਪਰ ਇਸ ਵਿਚ ਸਮਾਂ ਬਹੁਤ ਲੱਗੇਗਾ ਅਤੇ ਸਿਰਫ ਆਧੁਨਿਕ ਮਾਹਿਰ ਹੀ ਇਹ ਕੰਮ ਕਰ ਸਕਦੇ ਹਨ। ਇਨ੍ਹਾਂ ਦੇ ਖਤਮ ਹੋਣ ਨਾਲ ਸਿੱਖ ਕਲਾ ਦੇ ਇਤਿਹਾਸ ਨੂੰ ਨੁਕਸਾਨ ਪਹੁੰਚੇਗਾ।

ਇਹ ਵੀ ਪਤਾ ਲੱਗਾ ਹੈ ਕਿ ਸ਼ਰੋਮਣੀ ਕਮੇਟੀ ਆਦਿ ਗ੍ਰੰਥ ਦੀਆਂ ਹੱਥ-ਲਿਖਤਾਂ ਨੂੰ ਗੋਇੰਦਵਾਲ ਸਾਹਿਬ ਵਿਚ ਬਿਆਸ ਦੇ ਕੰਢੇ 'ਤੇ ਅਗਨ ਭੇਟ ਕਰਦੀ ਰਹੀ ਹੈ। ਦੱਸਿਆ ਇਹ ਜਾਂਦਾ ਹੈ ਕਿ ਅਜਿਹਾ ਇਸ ਲਈ ਕੀਤਾ ਗਿਆ ਕਿਉਂਕਿ ਇਨ੍ਹਾਂ ਹੱਥ-ਲਿਖਤਾਂ ਦੀ ਹਾਲਤ ਬਹੁਤ ਖਸਤਾ ਹੋ ਗਈ ਸੀ, ਇਸ ਲਈ ਇਨ੍ਹਾਂ ਦੀ ਵਰਤੋਂ ਨਹੀਂ ਹੋ ਰਹੀ। ਪਰ ਮਾਹਿਰਾਂ ਦਾ ਵਿਚਾਰ ਹੈ ਕਿ ਇਨ੍ਹਾਂ ਲਿਖਤਾਂ ਦੀ ਬੇਹਿਸਾਬ ਕੀਮਤ ਹੈ ਕਿਉਂਕਿ ਇਥੋਂ ਗੁਰਮੁਖੀ ਲਿਪੀ ਦੇ ਵਿਕਾਸ ਬਾਰੇ ਅਹਿਮ ਤੱਥਾਂ ਦਾ ਪਤਾ ਲੱਗਾ ਸਕਦਾ।

ਰਵੀ ਸਿੱਧੂ

ਪੰਜਾਬ ਵਲੋਂ ਹਰਿਆਣਾ ਦੇ 1 ਹਜ਼ਾਰ ਪੰਜਾਬੀ ਬੋਲਦੇ ਪਿੰਡਾਂ 'ਤੇ ਦਾਅਵਾ

ਜ. ਸ. ਸਿੱਧੂ

ਚੰਡੀਗੜ੍ਹ — ਅਕਾਲੀ ਦਲ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਰਾਜੀਵ ਗਾਂਧੀ ਵਿਚਕਾਰ ਹੋਏ ਸਮਝੌਤੇ ਨੂੰ ਲਾਗੂ ਨਾ ਕੀਤਾ ਗਿਆ ਤਾਂ ਇਸ ਨਾਲ ਦੇਸ਼ ਦੀ ਏਕਤਾ ਅਤੇ ਕੌਮੀ ਇਕਮੁਠਤਾ ਨੂੰ ਠੇਸ ਪਹੁੰਚੇਗੀ। ਇਸ ਦੇ ਨਾਲ ਹੀ ਇਸ ਨੇ ਹਰਿਆਣਾ ਦੇ ਇਕ ਹਜ਼ਾਰ ਦੇ ਕਰੀਬ ਪੰਜਾਬੀ ਬੋਲਦੇ ਪਿੰਡਾਂ ਉਤੇ ਵੀ ਹੱਕ ਜਤਾਇਆ ਹੈ। ਇਥੇ ਪਾਰਟੀ ਦੇ ਜ਼ਿਲਾ ਜਥੇਦਾਰਾਂ ਅਤੇ ਵਿਧਾਇਕਾਂ ਦੀ ਮੀਟਿੰਗ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਸਮਝੌਤਾ ਸਾਬੋਤਾਜ ਕਰਨ ਵਾਲੀਆਂ ਅਤੇ ਦੇਸ਼ ਵਿਚ ਅਸਥਿਰਤਾ ਦਾ ਮਾਹੌਲ ਪੈਦਾ ਕਰਨ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਲਈ ਕਿਹਾ। ਪਾਰਟੀ ਇਹ ਵੀ ਸਮਝਦੀ ਹੈ ਕਿ ਕੇਂਦਰ ਗ੍ਰਹਿ ਮੰਤਰਾਲੇ ਦੇ ਕੁਝ ਅਨਸਰ ਸਮਝੌਤੇ ਦੀ ਉਲੰਘਣਾ ਕਰਵਾਉਣ ਲਈ ਤੁਲੇ ਹੋਏ ਹਨ।

ਮੀਟਿੰਗ ਪਿਛੋਂ ਇਕ ਖਚਾਖਚ ਭਰੀ ਹੋਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਅਬੋਹਰ-ਫਾਜ਼ਿਲਕਾ ਦੀ ਕੀਮਤ ਉਤੇ ਪੰਜਾਬ ਨੂੰ ਕੋਈ ਸਮਝੌਤਾ ਪ੍ਰਵਾਨ ਨਹੀਂ ਹੋਵੇਗਾ। ਇਸ ਖੇਤਰ ਦਾ ਪਿੰਡ ਕੰਦੂਖੇੜਾ ਪੰਜਾਬ ਨੂੰ ਹਰਿਆਣਾ ਵਿਚ ਦਾਖਲ ਹੋਣ ਲਈ ਇਹ ਰਾਹ ਖੋਲ੍ਹਦਾ ਹੈ ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਦੇ ਇਕ ਹਜ਼ਾਰ ਪਿੰਡ ਪੰਜਾਬੀ ਬੋਲਦੇ ਹਨ ਜਿਹੜੇ ਕਿ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਮੁਖ ਮੰਤਰੀ ਨੇ ਕਿਹਾ ਕਿ ਕੰਦੂਖੇੜਾ ਬਦਲੇ ਪੰਜਾਬ ਹਰਿਆਣਾ ਦੇ ਸੌ ਪਿੰਡ ਲੈਣ ਨੂੰ ਵੀ ਤਿਆਰ ਨਹੀਂ। ਇਸ ਦੇ ਨਾਲ ਲਗਦੇ ਸਿਰਸਾ ਅਤੇ ਹਿਸਾਰ ਖੇਤਰ ਦੇ ਘੱਟੋ ਘੱਟ ਪੰਜ ਸੌ ਪਿੰਡ ਪੰਜਾਬੀ ਬੋਲਦੇ ਹਨ। ਕੇਂਦਰ-ਅਕਾਲੀ ਸਮਝੌਤੇ ਅਧੀਨ ਪਿੰਡ ਕੰਦੂਖੇੜਾ ਰਾਹੀਂ ਪੰਜਾਬ ਦੀ ਇਨ੍ਹਾਂ ਪਿੰਡਾਂ ਨਾਲ ਇਲਾਕਾਈ ਨੇੜਤਾ ਜੁੜਦੀ ਹੈ। ਉਨ੍ਹਾਂ ਕਿਹਾ ਕਿ ਕਰਨਾਲ ਅਤੇ ਅੰਬਾਲਾ ਜ਼ਿਲਿਆਂ ਦੇ ਕਾਫੀ ਪਿੰਡ ਪੰਜਾਬੀ ਬੋਲਦੇ ਹਨ।

ਪਾਰਟੀ ਵਲੋਂ ਪਾਸ ਕੀਤੇ ਗਏ ਮਤੇ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਤੇ ਜ਼ੋਰ ਦਿਤਾ ਗਿਆ ਹੈ ਕਿ ਚੰਡੀਗੜ੍ਹ ਪੰਜਾਬ ਦੇ ਫੌਰਨ ਹਵਾਲੇ ਕੀਤਾ ਜਾਵੇ ਅਤੇ ਦੋਹਾਂ ਰਾਜਾਂ ਦੇ ਇਲਾਕਾਈ ਦਾਅਵਿਆਂ ਦੇ ਨਿਬੇੜੇ ਲਈ ਦੂਜਾ ਕਮਿਸ਼ਨ ਸਥਾਪਤ ਕੀਤਾ ਜਾਵੇ। ਮੀਟਿੰਗ ਨੇ ਇਸ ਮਸਲੇ ਉਤੇ ਅਗਾਉਂ ਗੱਲਬਾਤ ਲਈ ਮੁਖ ਮੰਤਰੀ ਨੂੰ ਅਧਿਕਾਰ ਦੇ ਦਿੱਦੇ ਹਨ।

ਹਰਿਆਣਾ ਨੂੰ ਰਾਜਸਥਾਨ ਦਾ ਕੋਈ ਪਿੰਡ ਨਹੀਂ ਮਿਲੇਗਾ — ਜੋਸ਼ੀ

ਜੈਪੁਰ — ਰਾਜਸਥਾਨ ਦੇ ਮੁਖ ਮੰਤਰੀ ਸ੍ਰੀ ਹਰੀਦਿਓ ਜੋਸ਼ੀ ਨੇ ਰਾਜ ਵਿਧਾਨ ਸਭਾ ਵਿਚ ਕਿਹਾ ਕਿ ਰਾਜਸਥਾਨ ਦਾ ਇਕ ਇੰਚ ਇਲਾਕਾ ਵੀ ਹਰਿਆਣਾ ਨੂੰ ਨਹੀਂ ਦਿਤਾ ਜਾਵੇਗਾ। ਸ੍ਰੀ ਜੋਸ਼ੀ ਨੇ ਵਿਧਾਨ ਸਭਾ ਵਿਚ ਕਿਹਾ ਕਿ ਉਨ੍ਹਾਂ ਨੇ ਇਸ ਫੈਸਲੇ ਬਾਰੇ ਪ੍ਰਧਾਨ ਮੰਤਰੀ ਦੇ ਦਫਤਰ ਨੂੰ ਪਹਿਲਾਂ ਹੀ ਜਾਣਕਾਰੀ ਦੇ ਦਿਤੀ ਹੈ ਕਿ ਰਾਜ ਦਾ ਕੋਈ ਵੀ ਹਿੱਸਾ ਕਿਸੇ ਵੀ ਸੂਰਤ ਵਿਚ ਹਰਿਆਣੇ ਨੂੰ ਨਹੀਂ ਦਿਤਾ ਜਾਵੇਗਾ।

ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ੍ਰੀ ਘਨਸ਼ਿਆਮ ਤਿਵਾੜੀ ਵਲੋਂ ਰਾਜਸਥਾਨ ਦੇ ਪਿੰਡ ਹਰਿਆਣਾ ਨੂੰ ਦੇਣ ਬਾਰੇ ਅਖਬਾਰਾਂ ਵਿਚ ਛਪੀਆਂ ਖਬਰਾਂ ਬਾਰੇ ਪੁੱਛੇ ਜਾਣ ਉਤੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਨੇ ਇਸ ਸਬੰਧ ਵਿਚ ਅਜੇ ਤੱਕ ਉਨ੍ਹਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ। ਇਹ ਵਰਨਣਯੋਗ ਹੈ ਕਿ ਹਰਿਆਣਾ ਕੰਦੂਖੇੜਾ ਨਾਲ ਲਗਦੇ ਕੁਝ ਪਿੰਡ ਰਾਜਸਥਾਨ ਤੋਂ ਲੈ ਕੇ ਉਨ੍ਹਾਂ ਦੀ ਥਾਂ ਉਸ ਨੂੰ ਕੁਝ ਹੋਰ ਪਿੰਡ ਦੇਣ ਦੀ ਯੋਜਨਾ ਬਣਾ ਰਿਹਾ ਤਾਂ ਕਿ ਕੰਦੂਖੇੜਾ ਨੂੰ ਇਕ ਪਾਸੇ ਛੱਡ ਕੇ ਉਸ ਤੋਂ ਅਗਲੇ ਪੰਜਾਬ ਦੇ ਹਿੰਦੀ ਭਾਸ਼ਾਈ ਇਲਾਕਿਆਂ ਨਾਲ ਜੋੜਿਆ ਜਾ ਸਕੇ।

ਪਲਾਟ ਕ੍ਹਿਥੇ ਲਈਏ ?

ਇਕ ਦਿਨ ਇਕ ਹਰਮਨ ਪਿਆਰੇ ਰੀਟਾਇਰਡ ਆਈ. ਸੀ. ਐਸ. ਅਫਸਰ ਸਾਹਿਬ ਆਪਣੇ ਇਕ ਬੁੱਧੀਜੀਵੀ ਚੇਲੇ ਨੂੰ ਪੁੱਛਣ ਲੱਗੇ, "ਘਰ ਪਾਉਣ ਲਈ ਕੋਈ ਪਲਾਟ ਪਲੂਟ ਵੀ ਲਿਆ ਹੈ ਕਿ ਨਹੀਂ ?"

ਉਹ ਅੱਗੋਂ ਕਹਿਣ ਲੱਗਾ, "ਬੜੀ ਮੁਸ਼ਕਲ ਨਾਲ ਢਿੱਡ ਪੇਟ ਬੰਨ੍ਹ ਕੇ ਕੁਝ ਦਮੜੇ ਜੋੜੇ ਸਨ ਉਨ੍ਹਾਂ ਦਾ ਬਸ ਇਕ ਛੋਟਾ ਜਿਹਾ ਘਰ ਪਾਉਣ ਲਈ ਤਹਿਸੀਲ ਸਮਰਾਲਾ ਵਿਚ ਇਕ ਥਾਂ ਪਲਾਟ ਲੈ ਲਿਆ ਹੈ ਜੀ।"

ਆਈ. ਸੀ. ਐਸ. ਅਫਸਰ ਸਾਹਿਬ ਕਹਿਣ ਲੱਗੇ, "ਤੂੰ ਬੜੀ ਗਲਤੀ ਕੀਤੀ। ਜੇ ਪਲਾਟ ਲੈਣਾ ਹੀ ਸੀ ਤਾਂ ਫਲੌਰ ਟੱਪ ਕੇ ਲੈਂਦਾ। ਭਾਰਤ ਸਰਕਾਰ ਦਾ ਕੀ ਪਤਾ ਹੈ ਕਿ ਸਮਰਾਲਾ ਤੇ ਰਾਜਪੁਰਾ ਆਦਿ ਤਹਿਸੀਲਾਂ ਕਦੋਂ ਹਰਿਆਣੇ ਵਿਚ ਪਾ ਦੇਵੇ।"

—ਚਾਚਾ ਚੰਡੀਗੜ੍ਹੀਆ

ਜਮਹੂਰੀ ਅਧਿਕਾਰਾਂ ਲਈ ਸੰਘਰਸ਼ ਤੇ ਭਾਰਤ

—ਅਵਤਾਰ ਸਿੰਘ ਗੋਦਾਰਾ—

ਮਨੁੱਖੀ ਹੱਕਾਂ ਲਈ ਲੜਾਈ ਦਾ ਇਤਿਹਾਸ ਬਹੁਤ ਪੁਰਾਣਾ ਹੈ। ਸਪਾਰਟਕਸ ਦੇ ਗੁਲਾਮ-ਵਿਦਰੋਹ ਵੇਲੇ ਦਾ-ਜਿਸ ਵਿਚ ਗੁਲਾਮਾਂ ਨੇ ਆਪਣਾ ਜਿਉਣ ਦਾ ਹੱਕ ਮੰਗਿਆ ਸੀ। ਫਿਰ ਇਤਿਹਾਸ ਦਾ ਪਹੀਆ ਅੱਗੇ ਤੁਰਿਆ, ਗੁਲਾਮ ਯੁੱਗ ਖਤਮ ਹੋਇਆ - ਜਗੀਰਦਾਰੀ ਯੁੱਗ ਖਤਮ ਹੋਇਆ ਅਤੇ ਸਰਮਾਏਦਾਰੀ ਵਿਕਾਸ ਦੇ ਨਵੇਂ ਦਿਸਹੱਦੇ ਛੋਹਣ ਲੱਗੀ। ਅਜਾਰੇਦਾਰ-ਸਰਮਾਏਦਾਰੀ ਦੇ ਪੈਦਾ ਹੋਣ ਨਾਲ, ਮੁਨਾਫੇ ਦੀ ਅੰਨ੍ਹੀ ਦੌੜ ਤੇ ਮੰਡੀਆਂ ਉਤੇ ਕਬਜ਼ੇ ਦੀ ਲਲਕ ਨੇ ਵਿਕਾਸ ਦੇ ਨਾਲ ਵਿਨਾਸ਼ ਨੂੰ ਵੀ ਜਨਮ ਦਿਤਾ ਅਤੇ ਸੰਸਾਰ ਅਕਾਸ਼ ਤੇ ਪਹਿਲੀ ਸੰਸਾਰ ਜੰਗ ਦੇ ਬੱਦਲ ਛਾ ਗਏ। 1914-18 ਤਕ ਦਾ ਇਹ ਸਮਾਂ ਅਤਿਅੰਤ ਭਿਆਨਕ ਸੀ। ਫੌਜਾਂ ਦੀ ਕੱਟ-ਵੱਢ ਤੋਂ ਇਲਾਵਾ ਕਾਲ, ਹੜ੍ਹ, ਭੁੱਖਮਰੀ, ਮਹਾਂਮਾਰੀ ਆਦਿ ਦਾ ਨੰਗਾ ਨਾਚ ਵੀ ਹੋਇਆ। ਇਸੇ ਦੌਰਾਨ ਇਕ ਕੌਮ ਅਰਮੀਨੀਆਂ ਇਟਲੀ ਵਿਚ ਦਾ ਸਮੂਹਕ ਵਿਨਾਸ਼ ਕੀਤਾ ਗਿਆ। ਇਸ ਦੇ ਲੱਖਾਂ ਬੰਦੇ ਫੌਜ ਵਿਚ ਮਾਰੇ ਗਏ ਤੇ ਬਾਕੀਆਂ ਨੂੰ ਵੀ ਵਸੇਬੇ ਦੇ ਬਹਾਨੇ ਰੇਗਿਸਤਾਨ ਵਿਚ ਛੱਡ ਕੇ ਭੁੱਖੇ ਮਰਨ ਲਈ ਮਜ਼ਬੂਰ ਕੀਤਾ ਗਿਆ। ਉਦੋਂ ਇਸ ਅਣ-ਮਨੁੱਖੀ ਕਾਰੇ ਵਿਰੁੱਧ ਕੋਈ ਆਵਾਜ਼ ਨਹੀਂ ਉਠੀ। ਜੰਗ ਤੋਂ ਬਾਅਦ ਜੇਤੂਆਂ ਨੇ ਮੰਡੀਆਂ (ਦੇਸ਼) ਵੰਡ ਲਈਆਂ। ਇਸ ਜੰਗ ਦੌਰਾਨ ਰੂਸ ਵਿਚ ਮਿਹਨਤਕਸ਼ਾਂ ਦਾ ਇਨਕਲਾਬ ਜੇਤੂ ਹੋ ਨਿਕਲਿਆ ਅਤੇ ਪਹਿਲੇ ਸਮਾਜਵਾਦੀ ਦੇਸ਼ ਦੀ ਸਥਾਪਨਾ ਹੋਈ। ਹਾਰੀ ਹੋਈ ਸਰਮਾਏਦਾਰੀ ਦੀ ਧਿਰ ਨੇ ਮੰਡੀਆਂ ਖੋਹਣ ਲਈ ਹੋਰ ਉਪਰਾਲਾ ਸ਼ੁਰੂ ਕੀਤਾ। ਜਰਮਨੀ ਵਿਚ ਹਿਟਲਰ ਨੇ 'ਨਾਜੀਵਾਦ' ਨੂੰ ਉਭਾਰਿਆ ਅਤੇ 'ਅਰਮੀਨੀਆਂ' ਦੀ ਉਦਾਹਰਣ ਵਾਂਗ ਜਿਊਜ (ਯਹੂਦੀਆਂ) ਅਤੇ ਕਮਿਊਨਿਸਟ ਵਿਚਾਰਧਾਰਾ ਦੇ ਖਾਤਮੇ ਲਈ ਅੰਤਾਂ ਦਾ ਅਣ-ਮਨੁੱਖੀ ਤਸ਼ੱਦਦ ਸ਼ੁਰੂ ਕਰ ਦਿਤਾ। 'ਕਨਸਨਅਰੇਸ਼ਨ ਕੈਂਪ' ਗੈਸ ਚੈਂਬਰਾਂ ਵਿਚ ਭੁੱਜਦਾ ਮਨੁੱਖੀ ਮਾਸ ਰੋਜ਼-ਮਰਾ ਜ਼ਿੰਦਗੀ ਦਾ ਇਕ ਅੰਗ ਬਣ ਗਿਆ। ਦੂਜੀ ਸੰਸਾਰ ਜੰਗ (1939-45) ਪਹਿਲਾਂ ਤੋਂ ਵੀ ਜ਼ਿਆਦਾ ਤਬਾਹੀ ਲਿਆਈ। 'ਹੀਰੋਸ਼ੀਮਾ' ਤੇ 'ਨਾਗਾਸਾਕੀ' ਵਿਖੇ ਪ੍ਰਮਾਣੂ ਬੰਬਾਂ ਦੀ ਤਬਾਹੀ ਅਤੇ ਨਾਜ਼ੀ ਜ਼ੁਲਮਾਂ ਨੇ ਪੂਰੇ ਸੰਸਾਰ ਵਿਚ ਲੋਕਾਂ ਨੂੰ ਇਨ੍ਹਾ ਲੁਟੇਰੀਆਂ ਜੰਗਾਂ ਦੇ ਵਿਰੁੱਧ ਖੜ੍ਹਾ ਕਰ ਦਿਤਾ ਅਤੇ ਸਮਾਜਵਾਦੀ ਚੀਨ ਤੋਂ ਇਲਾਵਾ ਹੋਰ ਵੀ ਕਈ ਸਮਾਜਵਾਦੀ ਦੇਸ਼ਾਂ ਦਾ ਉਦੇਕਰਣ ਹੋਇਆ। ਮਨੁੱਖਤਾ ਦੀ ਤਬਾਹੀ ਅਤੇ ਉੱਠ ਰਹੀਆਂ ਲੋਕ-ਲਹਿਰਾਂ ਨੇ ਇਸ ਬਾਰੇ ਪਹਿਲਾਂ ਹੀ ਖਿੰਡੀ-ਪੁੰਡੀ ਸੋਚ ਨੂੰ ਸੂਤਰਬੱਧ ਕਰਨ ਲਈ ਮਜ਼ਬੂਰ ਕਰ ਦਿਤਾ।

ਜੰਗਾਂ ਕਿਵੇਂ ਰੋਕੀਆਂ ਜਾਣ

ਇਹ ਵਿਚਾਰ ਆਇਆ ਕਿ ਜੇ ਲੋਕਾਂ ਨੂੰ ਉਨ੍ਹਾਂ ਦੀਆਂ ਅਤਿਅੰਤ ਮੁੱਢਲੀਆਂ ਲੋੜਾਂ ਤੋਂ ਵਾਂਝਿਆਂ ਕੀਤਾ ਜਾਏ ਤਾਂ ਇਹ ਵੀ ਜੰਗਾਂ ਨੂੰ ਜਨਮ ਦੇ ਸਕਦੇ ਹਨ। ਸੋ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਵੱਲ ਧਿਆਨ ਦੇਣਾ ਜ਼ਰੂਰੀ ਹੈ। ਜੰਗਾਂ ਕਿਉਂਕਿ ਮਨੁੱਖਾਂ ਦੇ ਮਨਾਂ ਵਿਚ ਜਨਮ ਲੈਂਦੀਆਂ ਹਨ, ਇਸ ਲਈ ਉਨ੍ਹਾਂ ਦੇ ਮਨਾਂ ਨੂੰ ਬਦਲਿਆ ਜਾਵੇ ਤਾਂ ਕਿ ਭਵਿੱਖ ਵਿਚ ਮਨੁੱਖਤਾ ਦਾ ਵਿਨਾਸ਼ ਨਾ ਹੋਵੇ। ਕੁਝ ਹੱਕਾਂ ਤੇ ਅਧਾਰਤ ਇਕ ਐਲਾਨਨਾਮਾ 1945 ਵਿਚ ਘੜਿਆ ਗਿਆ। 10 ਦਸੰਬਰ 1948 ਨੂੰ ਯੂ ਐਨ ਓ ਪ੍ਰਤੀਨਿਧ ਮਿਲੇ। 48 ਦੇਸ਼ਾਂ ਨੇ ਐਲਾਨਨਾਮੇ ਦੇ ਹੱਕ ਵਿਚ ਵੋਟ ਪਾਈ। 8 ਦੇਸ਼ਾਂ (ਸੋਵੀਅਤ ਰੂਸ, ਪੋਲੈਂਡ, ਬਾਈਲੋਰਸ਼ੀਆ, ਚੈਕੋਸਲਾਵਾਕੀਆ, ਯੁਗੋਸਲਾਵੀਆ, ਸਾਊਥ ਅਫਰੀਕਾ, ਸਾਊਦੀ ਅਰਬੀਆ ਤੇ ਯੂਕਰੇਨ) ਨੇ ਵੋਟ ਨਹੀਂ ਪਾਈ। ਇਨ੍ਹਾਂ ਮੁਲਕਾਂ ਨੇ ਵੋਟ ਵਿਰੋਧ ਵਿਚ ਵੀ ਨਹੀਂ ਪਾਈ, ਕਿਉਂਕਿ ਇਹ ਹੱਕਾਂ ਨੂੰ ਤਾਂ ਮਾਨਤਾ ਦੇਂਦੇ ਸਨ ਪਰ ਹੱਕ ਵਿਚ ਵੀ ਵੋਟ ਨਹੀਂ ਪਾਈ। ਕਿਉਂਕਿ ਇਹ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ ਕਿ ਜੰਗਾਂ ਮਨੁੱਖ ਦੇ ਮਨਾਂ ਵਿਚ ਜਨਮ ਲੈਂਦੀਆਂ ਹਨ, ਬਲਕਿ ਉਹ ਸਮਝਦੇ ਸਨ ਕਿ ਵਿਦੇਸ਼ੀਆਂ ਪਦਾਰਥਕ ਹਾਲਤਾਂ (ਸਮਾਜਿਕ ਤੇ ਆਰਥਿਕ) ਜੰਗਾਂ ਨੂੰ ਜਨਮ ਦਿੰਦੀਆਂ ਹਨ। ਸ੍ਰੀਮਤੀ ਰੂਜ਼ਵੈਲਟ ਇਸ ਦੀ ਮੁੱਖੀ ਥਾਪੀ ਗਈ।

ਇਤਿਹਾਸ : ਪਹਿਲ ਪ੍ਰਿਥੇ ਇਸ ਐਲਾਨਨਾਮੇ ਨੂੰ ਸਿਰਫ ਨੈਤਿਕ ਅਸੂਲ ਦੇ ਤੌਰ ਤੇ ਮੰਨਿਆ ਗਿਆ। ਫਿਰ ਕੁਝ ਦੇਸ਼ਾਂ ਨੇ ਇਸ ਤੇ ਦਸਖਤ ਕੀਤੇ ਅਤੇ ਲਾਗੂ ਕਰਨ ਦੀ ਨੈਤਿਕ ਜ਼ਿੰਮੇਵਾਰੀ ਲਈ ਹੁਣ ਅੰਤਰਰਾਸ਼ਟਰੀ ਕਾਨੂੰਨ ਰਾਹੀਂ ਇਨ੍ਹਾਂ ਨੂੰ ਲਾਗੂ ਕਰਵਾਉਣ ਤੇ ਵਿਚਾਰ ਜਾਰੀ ਹੈ ਪਰ ਅਜੇ ਇਸ ਵਿਚਾਰ ਨੂੰ ਫਲ ਨਹੀਂ ਪਿਆ।

ਭਾਰਤ ਨੇ 1979 ਵਿਚ ਇਸ ਐਲਾਨਨਾਮੇ ਤੇ ਦਸਖਤ ਕੀਤੇ। 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਅਮਰੀਕਾ ਨੇ ਸਹਿਮਤੀ ਤਾਂ ਪ੍ਰਗਟਾਈ ਹੈ ਪਰ ਇਸ ਦੀ ਕਾਂਗਰਸ ਵਿਚ ਪਾਸ ਨਹੀਂ ਹੋਇਆ, ਯਾਨੀ ਨੈਤਿਕ ਜ਼ਿੰਮੇਵਾਰੀ ਵੀ ਨਹੀਂ ਲਈ।

ਇਹ ਮਨੁੱਖੀ ਹੱਕ ਕੀ ਹਨ

ਸਭ ਲਈ ਰੋਟੀ, ਮਕਾਨ ਤੇ ਡਾਕਟਰੀ ਸਹਾਇਤਾ। ਜਿਊਣ ਦਾ ਹੱਕ। ਆਪਾ ਪ੍ਰਗਟਾਉਣ ਦੀ ਆਜ਼ਾਦੀ। ਬੋਲਣ ਦੀ ਆਜ਼ਾਦੀ। ਰਾਜਨੀਤਕ ਤੇ ਸਾਹਿਤਕ ਵਿਕਾਸ ਦੀ ਆਜ਼ਾਦੀ। ਵਿਦਿਆ ਦਾ ਹੱਕ। ਕਿਸੇ ਵੀ ਧਰਮ ਨੂੰ ਮੰਨਣ ਦੀ ਆਜ਼ਾਦੀ। ਜਾਇਦਾਦ ਰੱਖਣ ਦਾ ਹੱਕ। ਦੇਸ਼ ਛੱਡਣ ਤੇ ਦੇਸ਼ ਪਰਤਣ ਦਾ ਹੱਕ। ਬਿਨਾਂ ਰੰਗ, ਜਾਤ, ਧਰਮ ਕੌਮ ਦੇ ਵਿਤਕਰੇ ਤੋਂ ਸਭ ਲਈ ਨਿਆਂ। ਰਾਜਨੀਤਕ ਕੈਦੀਆਂ ਨੂੰ ਤਸੀਹੇ ਨਾ ਦਿਤੇ ਜਾਣ। ਦੂਜੇ ਦੇਸ਼ਾਂ ਵਿਚ ਰਾਜਨੀਤਕ ਸ਼ਰਨ ਲੈਣ ਦਾ ਹੱਕ। ਬਿਨਾਂ ਰੰਗ, ਜਾਤ, ਧਰਮ ਤੇ ਕੌਮ ਦੇ ਵਖਰੇਵੇਂ ਤੋਂ ਕੋਈ ਵੀ ਮਰਦ-ਔਰਤ ਵਿਆਹ ਕਰਵਾ ਸਕਦੇ ਹਨ ਤੇ ਵਿਆਹ ਤੋਂ ਬਾਅਦ ਚਾਹੁਣ ਤਾਂ ਵਿਆਹ ਤੋੜ ਵੀ ਸਕਦੇ ਹਨ। ਇਕਠੇ ਹੋਣ ਤੇ ਕੱਠ ਕਰਨ ਦਾ ਹੱਕ। ਹਰ ਕਿਸੇ ਨੂੰ ਇਕੱਠ ਵਿਚ ਸ਼ਾਮਲ ਹੋਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਹਰ ਇਕ ਨੂੰ ਆਪਣੀ ਸਰਕਾਰ ਵਿਚ ਸਿਧੇ ਜਾਂ ਆਪਣੇ ਨੁਮਾਇੰਦਿਆਂ ਰਾਹੀਂ ਭਾਗ ਲੈਣ ਦਾ ਹੱਕ। ਹਰੇਕ ਨੂੰ ਸਰਕਾਰੀ ਸੰਪਤੀ ਵਰਤਣ ਦਾ ਹੱਕ। ਹਰ ਇਕ ਨੂੰ ਇਹੋ ਜਿਹਾ ਸਮਾਜ ਜਾਂ ਅੰਤਰਰਾਸ਼ਟਰੀ ਪ੍ਰਬੰਧ ਬਨਾਉਣ ਦਾ ਹੱਕ, ਜਿਸ ਵਿਚ ਇਨ੍ਹਾਂ ਹੱਕਾਂ ਦੀ ਪੂਰਤੀ ਹੋ ਸਕੇ। ਹਰੇਕ ਨੂੰ ਸਮਾਜਿਕ ਸੁਰੱਖਿਆ ਦਾ ਹੱਕ ਹੈ। ਕੌਮੀ ਅਤੇ ਅੰਤਰਰਾਸ਼ਟਰੀ ਸਾਂਝੀਵਾਲਤਾ ਰਾਹੀਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹੱਕ ਜੋ ਉਸ ਦੀ ਮਨੁੱਖੀ ਸ਼ਾਨ ਅਤੇ ਸ਼ਖਸੀਅਤ ਦੇ ਅਜ਼ਾਦਾਨਾ ਵਿਕਾਸ ਲਈ ਅਤਿ ਜ਼ਰੂਰੀ ਹਨ - ਦੀ ਪ੍ਰਾਪਤੀ ਦਾ ਹੱਕ। ਕਿਸੇ ਨੂੰ ਗੁਲਾਮ ਜਾਂ ਦਾਸ ਬਣਾ ਕੇ ਨਹੀਂ ਰੱਖਿਆ ਜਾ ਸਕਦਾ। ਕਿਸੇ ਨੂੰ ਕਸੂਰਵਾਰ ਕਰਾਰ ਦਿਤੇ ਜਾਣ ਤਕ-ਬੇਗੁਨਾਹ ਮੰਨੇ ਜਾਣ ਦਾ ਹੱਕ। ਹਰੇਕ ਨੂੰ ਅਜ਼ਾਰਦਾਨਾ ਵੋਟ ਰਾਹੀਂ ਨੁਮਾਇੰਦੇ ਚੁਨਣ ਦਾ ਹੱਕ। ਹਰੇਕ ਨੂੰ ਕੰਮ ਤੇ ਬੇਰੁਜ਼ਗਾਰੀ ਤੋਂ ਬਚਾਓ ਦਾ ਹੱਕ। ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਹੱਕ ਮਨੁੱਖੀ ਸ਼ਾਨ ਅਨੁਸਾਰ ਰਹਿਣ ਲਈ ਉਸ ਅਨੁਸਾਰ ਤਨਖਾਹ ਲੈਣ ਦਾ ਹੱਕ। ਹਰ ਕਾਮੇ ਨੂੰ ਅਰਾਮ, ਕੰਮ ਦੇ ਘੰਟਿਆਂ ਦੀ ਸੀਮਾਂ ਅਤੇ ਤਨਖਾਹ ਸਮੇਤ ਛੁੱਟੀਆਂ ਦਾ ਹੱਕ।

ਹੱਕਾਂ ਦੀ ਰੋਸ਼ਨੀ 'ਚ ਸੰਸਾਰ

ਟੋਮ-ਬਰਾਊਨ ਦੇ ਸ਼ਬਦਾਂ ਵਿਚ ਇਕ ਚੰਗਾ ਪੁਲਸ ਮੈਨ ਸਿਰਫ ਗਵਾਹੀ ਦੇ ਕਟਹਿਰੇ ਵਿਚ ਨਿਯਮਾਂ ਨੂੰ ਯਾਦ ਕਰਦਾ ਹੈ ਉਸ ਤੋਂ ਪਹਿਲਾਂ ਉਹ ਕਾਨੂੰਨ ਨੂੰ ਆਪਣੇ ਹੱਥ ਵਿਚ ਰੱਖਦਾ ਹੈ ਤੇ ਇਹ ਕਥਨ ਅੱਜ ਹਿੰਦੁਸਤਾਨ ਦੀ ਹਾਲਤ ਤੇ ਐਨ ਢੁਕਦਾ ਹੈ।'

ਕੇ ਜੀ ਕੰਨਾਬੇਰਿਨ ਦੀ (ਇੰਡੀਅਨ ਐਕਸਪਰੈਸ) 'ਚ ਛਪੀ ਰਿਪੋਰਟ ਮੁਤਾਬਿਕ 'ਦੇਸ਼ ਵਿਚ ਕੰਮ ਕਰਦੀਆਂ ਸ਼ਹਿਰੀ ਆਜ਼ਾਦੀ ਦੀਆਂ ਜਥੇਬੰਦੀਆਂ ਦੇ ਕਾਰਕੁੰਨਾਂ ਦਾ ਕਹਿਣਾ ਹੈ ਕਿ ਸਾਨੂੰ ਨਾ ਸਿਰਫ ਸਾਡੇ ਜਮਹੂਰੀ ਹੱਕ ਹੀ ਨਹੀਂ ਦਿਤੇ ਜਾਂਦੇ ਸਗੋਂ ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਨ ਤੇ ਵੀ ਰੋਕ ਲਾਈ ਜਾਂਦੀ ਹੈ। ਲਾਅ ਅਤੇ ਆਰਡਰ ਦੇ ਨਾਂ ਤੇ ਪੁਲਸ ਲੋਕਾਂ ਦੇ ਨਿਆਂਈ ਹੱਕ ਕੁਚਲ ਰਹੀ ਹੈ।

'ਡੈਮੋਕਰੇਸੀ ਚੋਣਾਂ ਜਿੱਤਣ ਲਈ ਵਧੀਆ ਨਾਹਰਾ ਹੈ ਪਰ ਇਕ ਵਾਰ ਸਤਾ 'ਚ ਆ ਕੇ ਸਰਕਾਰ ਦਾ ਮਕਸਦ ਲੋਕਾਂ ਦੀ ਭਲਾਈ ਨਹੀਂ ਰਹਿੰਦਾ - ਸਗੋਂ ਲੋਕਾਂ ਦਾ ਡਰ ਭਾਰੂ ਹੋ ਜਾਂਦਾ ਹੈ ਅਤੇ ਇਹੀ ਡਰ ਹੈ - ਜੋ ਸਰਕਾਰਾਂ ਨੂੰ ਲੋਕਾਂ ਤੇ ਪੁਲਸ ਖੁਲ੍ਹੀ ਛੱਡਣ ਲਈ ਮਜ਼ਬੂਰ ਕਰਦਾ ਹੈ ਜਿਵੇਂ ਕਿ ਉਹ ਅਪਰਾਧੀ ਹੋਣ।'

'ਲੋਕਾਂ ਦਾ ਸਮੂਹ - ਜੋ ਸਿਰਫ ਆਪਣੇ ਹੱਥ ਰਾਜ ਨੂੰ ਉਸ ਦੇ ਆਪਣੇ ਬਣਾਏ ਕਾਨੂੰਨਾਂ ਦੀ ਪਾਲਣਾ ਕਰਨ ਦਾ ਕਾਜ਼ ਹੱਥ ਲੈਣਾ ਹੈ। ਅਤਿਵਾਦੀ ਕਰਾਰ ਦੇ ਦਿਤਾ ਜਾਂਦਾ ਹੈ - ਲੋਕ ਜੋ ਵਿਰੋਧ ਕਰਦੇ ਹਨ - ਜੋ ਸਵਾਲ ਕਰਦੇ ਹਨ - ਅਤਿਵਾਦੀ ਹਨ ਤੇ ਇਹ ਘੇਰਾ ਹਰ ਆਏ ਦਿਨ ਵਿਸ਼ਾਲ ਕੀਤਾ ਜਾਂਦਾ ਹੈ ਤਾਂ ਕਿ ਹਰ ਸ਼ਹਿਰੀ ਆਜ਼ਾਦੀ ਲਈ ਉਠੀ ਲਹਿਰ ਨੂੰ ਇਸ ਅੰਦਰ ਲਿਆ ਜਾ ਸਕੇ।' (ਇੰਡੀਅਨ ਐਕਸਪਰੈਸ 11 ਦਸੰਬਰ 1983 ਵਿਚੋਂ)

1974 ਵਿਚ ਸਾਊਥ ਅਫਰੀਕਾ ਦੀ ਗੋਰੀ ਸਰਕਾਰ, ਕਾਲੇ ਹਬਸ਼ੀਆਂ ਤੇ ਬੇ-ਅਥਾਹ ਜ਼ੁਲਮ ਢਾਹ ਰਹੀ ਸੀ, ਜਿਸ ਕਰਕੇ ਯੂ ਐਨ ਓ ਵਿਚੋਂ ਇਸ ਨੂੰ ਮਤਾ ਪਾ ਕੇ ਬਾਹਰ ਕੱਢ ਦਿਤਾ ਗਿਆ ਪਰ ਅਮਰੀਕਾ ਨੇ ਇਸ ਦਾ ਵਿਰੋਧ ਕੀਤਾ। ਅਮਰੀਕਨ ਨੁਮਾਇੰਦੇ ਜੋਹਨ ਸਕੇਲੀ ਨੇ ਕਿਹਾ, 'ਇਹ (ਬਾਹਰ ਕੱਢਣਾ) ਅਣਮਨੁੱਖੀ ਹੈ, ਅਤੇ ਅਮਰੀਕਾ ਵਲੋਂ ਯੂ. ਐਨ ਓ ਨੂੰ ਦਿਤੀ ਜਾ ਰਹੀ ਵਿੱਤੀ ਸਹਾਇਤਾ ਬੰਦ ਕਰਨ ਬਾਰੇ ਧਮਕੀ ਦਿਤੀ। ਹੁਣ ਕਾਲੇ ਲੋਕਾਂ ਦਾ ਕਵੀ ਫਾਂਸੀ ਚੜ੍ਹਾਇਆ ਜਾ ਚੁੱਕਾ ਹੈ। ਉਨ੍ਹਾਂ ਦਾ ਆਗੂ 'ਮੰਡੇਲਾ' ਉਮਰ ਕੈਦ ਭੁਗਤ ਰਿਹਾ ਹੈ

ਭਾਰਤ ਦੁਆਰਾ ਦਸਖਤ ਕਰਨ ਦੇ ਬਾਵਜੂਦ : ਕਾਲੇ ਕਾਨੂੰਨਾਂ ਰਾਹੀਂ ਬੋਲਣ ਤੇ ਆਪਾ ਪ੍ਰਗਟਾਉਣ ਦੀ ਆਜ਼ਾਦੀ ਖੋਹੀ ਜਾਂਦੀ ਹੈ। ਰਾਜਨੀਤਕ ਕੈਦੀਆਂ ਨੂੰ ਵਰ੍ਹਿਆਂ ਤੋਂ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਰਾਜਨੀਤਕ ਕੈਦੀਆਂ ਤੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਹੈ (ਸ੍ਰੀ ਟੀ ਐਸ ਚੀਮਾ ਜ਼ਿਲਾ ਅਤੇ ਸੈਸ਼ਨ ਜੱਜ ਪਟਿਆਲਾ ਦਾ ਤਸੀਹਿਆਂ ਉਪਰ ਇਕ ਰਿਪੋਰਟ-ਹਵਾਲਾ-ਪੰਜਾਬ ਦੀਆਂ ਘਟਨਾਵਾਂ ਤੇ ਇਕ ਰਿਪੋਰਟ-ਵਲੋਂ ਜਮਹੂਰੀ ਅਧਿਕਾਰ ਸਭਾ) ਹੱਕ ਮੰਗਦੇ ਲੋਕਾਂ ਨੂੰ ਗੋਲੀ ਅਤੇ ਲਾਠੀਆਂ ਨਾਲ ਨਿਵਾਜਿਆ ਜਾਂਦਾ ਹੈ। ਝੂਠੇ ਪੁਲਸ ਮੁਕਾਬਲਿਆਂ ਰਾਹੀਂ ਜਿਊਣ ਦਾ ਹੱਕ ਖੋਹਿਆ ਜਾਂਦਾ ਹੈ। ਸੀ ਐਫ ਡੀ ਦੀ ਰਿਪੋਰਟ 'ਏ ਰਿਪੋਰਟ ਟੂ ਨੇਸ਼ਨ' ਉਤੇ ਪਾਬੰਦੀ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਾਈਟਸ ਦੀ ਦਿੱਲੀ ਘਟਨਾਵਾਂ ਤੇ ਰਿਪੋਰਟ 'ਦੋਸ਼ੀ ਕੌਣ ਹਨ' ਤੇ ਪਾਬੰਦੀ ਇਸਦੀਆਂ ਉਘੜਵੀਆਂ ਉਦਾਹਰਣਾਂ ਹਨ।

ਆਂਧਰਾ ਪ੍ਰਦੇਸ਼ ਵਿਚ ਐਮਰਜੈਂਸੀ ਤੋਂ ਪਹਿਲਾਂ ਤੇ ਬਾਦ ਵਿਚ 430 ਝੂਠੇ ਪੁਲਸ ਮੁਕਾਬਲੇ ਬਣਾਏ ਗਏ ਹਨ। ਪਿਛਲੇ ਇਕ ਸਾਲ ਪੰਜਾਬ ਵਿਚ ਸੈਂਕੜੇ ਨਕਸਲਬਾੜੀਆਂ ਦੇ ਝੂਠੇ ਪੁਲਸ ਮੁਕਾਬਲਿਆਂ ਨੂੰ ਕੌਣ ਭੁਲਿਆ ਹੈ। ਸਮੇਂ ਸਮੇਂ ਸਰਕਾਰ ਚਾਹੇ ਕਿਸੇ ਦੀ ਵੀ ਹੋਵੇ ਪੇਸ਼ ਕੀਤੀ ਰਿਪੋਰਟ ਵਿਚ ਐਮਰਜੈਂਸੀ ਦੌਰਾਨ ਹੋਈਆਂ ਵਧੀਕੀਆਂ ਲਈ ਕਈ ਉਚ ਅਫਸਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਮਜ਼ੇ ਦੀ ਗੱਲ ਇਹ ਹੈ ਕਿ 1979 ਦੀ ਜਨਤਾ ਸਰਕਾਰ ਵੇਲੇ (ਉਦੋਂ ਹੀ ਭਾਰਤ ਨੇ ਐਲਾਨਨਾਮੇ ਤੇ ਦਸਖਤ ਕੀਤੇ ਸਨ) ਇਨ੍ਹਾਂ ਅਫਸਰਾਂ ਨੂੰ ਸਜ਼ਾ ਦੇਣ ਦੀ ਬਜਾਏ ਸਨਮਾਨਿਆ।

ਧਾਰਮਕ ਘੱਟ ਗਿਣਤੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਪੰਜਾਬ ਦੀ ਸਭ ਤੋਂ ਪਹਿਲੀ ਸਰਕਾਰ ਦੇ ਗ੍ਰਹਿ ਮੰਤਰੀ ਦਾ ਸਰਕੂਲਰ ਕਿ ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਨ੍ਹਾਂ ਤੇ ਸਖਤ ਨਿਗਰਾਨੀ ਰੱਖਣ ਦੀ ਲੋੜ ਹੈ ਤਾਂ ਜੁਲਾਈ 1984 ਦਾ ਫੌਜੀ ਸਰਕੂਲਰ ਜੋ ਸਾਰੇ ਸਿੱਖ ਅੰਮ੍ਰਿਤਧਾਰੀਆਂ ਨੂੰ ਖਤਰਨਾਕ ਤੇ ਦੇਸ਼ ਦੁਸ਼ਮਣ ਕਰਾਰ ਦਿੰਦਾ ਹੈ (ਹਵਾਲੇ ਮਾਸਿਕ ਪੱਤਰ ਪੈਗਾਮ ਨਵੰਬਰ ਤੇ ਦਸੰਬਰ 1985 ਜਲੰਧਰ) ਇਸਦੀਆਂ ਹੋਰ ਮਿਸਲਾਂ ਹਨ।

ਭਾਰਤ ਵਿਚ ਹਜ਼ਾਰਾਂ ਬੱਚੇ ਕੂੜੇ ਦੇ ਢੇਰਾਂ ਵਿਚੋਂ ਆਪਣਾ ਭੋਜਨ ਭਾਲ ਰਹੇ ਹਨ। ਹਜ਼ਾਰਾਂ ਫੁੱਟ-ਪਾਥਾਂ ਤੇ ਰਹਿੰਦੇ ਹਨ। ਸੈਂਕੜੇ ਬਿਨਾਂ ਇਲਾਜ, ਭੁੱਖ, ਠੰਡ, ਗਰਮੀ ਆਦਿ ਨਾਲ ਦਮ ਤੋੜ ਜਾਂਦੇ ਹਨ। ਭੱਠਿਆਂ, ਕਾਰਖਾਨਿਆਂ, ਖਾਨਾਂ ਤੇ ਖੇਤੀਬਾੜੀ ਵਿਚ ਮਜ਼ਦੂਰਾਂ ਨੂੰ ਗੁਲਾਮ ਬਣਾ ਕੇ ਰੱਖਿਆ ਜਾਂਦਾ ਹੈ। ਪੈਸੇ ਦੇ ਜ਼ੋਰ ਵੋਟਾਂ ਖਰੀਦੀਆਂ ਜਾਂਦੀਆਂ ਹਨ। ਮੰਤਰੀਆਂ ਤੇ ਪ੍ਰਧਾਨ ਮੰਤਰੀ ਦੇ ਜਲਸਿਆਂ ਵਿਚ ਜਬਰੀ ਟਰੱਕਾਂ ਵਿਚ ਬਿਠਾ ਕੇ ਲੋਕਾਂ ਨੂੰ ਲਿਜਾਇਆ ਜਾਂਦਾ ਹੈ। (ਐਮਰਜੈਂਸੀ ਵਿਚ ਜਿਸ ਦੀ ਖੁਲ੍ਹੀ ਵਰਤੋਂ ਕੀਤੀ) ਲੱਖਾਂ ਲੋਕ ਬੇਰੁਜ਼ਗਾਰ ਹਨ। ਮਜ਼ਦੂਰ ਔਰਤਾਂ ਨੂੰ ਮਰਦਾਂ ਤੋਂ ਘੱਟ ਤਨਖਾਹ ਮਿਲਦੀ ਹੈ। ਬੱਚਿਆਂ ਨੂੰ ਵਿਦਿਆ ਦੀ ਥਾਂ ਖਾਣਾਂ, ਫੈਕਟਰੀਆਂ ਤੇ ਹੋਟਲਾਂ ਵਿਚ ਕੰਮ ਕਰਨਾ ਪੈਂਦਾ ਹੈ। ਰੋਜ਼ਾਨਾ ਮਜ਼ਦੂਰਾਂ-ਮੁਲਾਜ਼ਮਾਂ ਨੂੰ ਤੰਗੀਆਂ ਤੁਰਸ਼ੀਆਂ ਕਾਰਨ ਸੰਘਰਸ਼ਸ਼ੀਲ ਵੇਖਦੇ ਹਾਂ। ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿਚ 8 ਘੰਟੇ ਤੋਂ ਵੱਧ ਕੰਮ ਲੈਣਾ ਤੇ ਛੁਟੀ ਵਾਲੇ ਦਿਨ ਬਿਨਾ ਉਜ਼ਰਤ ਕੰਮ ਲੈਣਾ ਆਮ ਗੱਲ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪਿਛਲੇ ਸੱਤ ਸਾਲਾਂ ਤੋਂ ਲਗਾਤਾਰ ਦਫਾ 144 ਦੀ ਮਾਰ ਹੇਠ ਹੈ।

ਇਹ ਹੱਕ ਕਿਵੇਂ ਪ੍ਰਾਪਤ ਕੀਤੇ ਜਾਣ

ਕੀ ਯੂ ਐਨ ਓ ਜਾਂ ਅੱਡ ਅੱਡ ਦੇਸ਼ਾਂ ਦੀਆਂ ਸਰਕਾਰਾਂ ਸਾਨੂੰ ਇਹ ਹੱਕ ਦਿਵਾ ਸਕਦੀਆਂ ਹਨ। ਯੂ ਐਨ ਓ ਦੇ ਮਤਿਆਂ ਦਾ ਹਾਲ ਦੇਖ ਲਿਆ ਹੈ। ਯੂ ਐਨ ਓ ਦੇ ਹੱਥ ਕੋਈ ਕਾਨੂੰਨੀ ਸ਼ਕਤੀ ਨਹੀਂ। ਮਹਿਜ਼ ਇਕ ਨੈਤਿਕ ਦਬਾਅ ਹੈ। ਭਾਰਤ ਦੁਆਰਾ ਦਸਖਤ ਕਰਨ ਦੇ ਬਾਵਜੂਦ f ਇਸ ਦੇ ਹਾਲਤ ਖੁਲ੍ਹੀ ਕਿਤਾਬ ਹਨ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਨੇ ਹੱਕ ਕਦੇ ਨਹੀਂ ਦਿ ਤੇ ਨਾ ਹੀ ਯੂ ਐਨ ਓ ਦਾ ਨੈਤਿਕ ਦਬਾਅ ਹੀ ਇਨ੍ਹਾਂ ਅਨੈਤਿਕ ਰੂਹਾਂ ਤੇ ਕਾਰਗਰ ਸਾਬਤ ਹੋ ਸਕਦਾ ਹੈ। ਇਸ ਨੈਤਿਕ ਦਬਾਅ ਦੇ ਬਾਵਜੂਦ ਮਹਾਂ ਸ਼ਕਤੀਆਂ ਪ੍ਰਮਾਣੂ ਹਥਿਆਰਾਂ ਦੀ ਦੌੜ ਵਿਚ ਰੁਝੀਆਂ ਹੋਈਆਂ ਹਨ। ਮਨੁੱਖਤਾ ਦੇ ਸਿਰ ਇਕ ਵਾਰ ਫਿਰ ਤੀਜੀ ਸੰਸਾਰ ਜੰਗ ਦੇ ਬਦਲ ਮੰਡਰਾ ਰਹੇ ਹਨ ਜੋ ਕਿ ਪਹਿਲੀਆਂ ਜੰਗਾਂ ਨਾਲੋਂ ਕਿਤੇ ਜ਼ਿਆਦਾ ਕਾਲੇ ਤੇ ਸੰਘਣੇ ਹਨ। ਇਹ ਪ੍ਰਮਾਣੂ ਜੰਗ ਪਹਿਲੀਆਂ ਜੰਗਾਂ ਨਾਲੋਂ ਕਿਤੇ ਵੱਧ ਤਬਾਹਕੁੰਨ ਹੋਵੇਗੀ। ਪਰ ਇਸ ਦਾ ਦੂਜਾ ਪੱਖ ਵੀ ਹੈ।

(ਬਾਕੀ ਪੰਨਾ 9 ਤੇ)

ਸ਼ਾਹਬਾਨੋ ਕੇਸ ਨੂੰ ਲੈ ਕੇ ਸਥਿਤੀ ਨੂੰ ਵਿਗਾੜਨ ਤੋਂ ਰੋਕੋ — ਸ਼ੇਖਰ

ਰਾਏਪਰ — ਜਨਤਾ ਪਾਰਟੀ ਦੇ ਪ੍ਰਧਾਨ ਚੰਦਰ ਸ਼ੇਖਰ ਨੇ ਇਥੇ ਕਿਹਾ ਕਿ ਕਿਸੇ ਨੂੰ ਵੀ ਸ਼ਾਹਬਾਨੋ ਕੇਸ ਵਿਚ ਸਥਿਤੀ ਨੂੰ ਇਸ ਤਰ੍ਹਾਂ ਭੜਕਾਉਣ ਦੀ ਇਜਾਜ਼ਤ ਨਹੀਂ ਦਿਤੀ ਜਾਣੀ ਚਾਹੀਦੀ ਕਿ ਪੂਰੇ ਦੇਸ਼ ਤੇ ਸਮਾਜ ਨੂੰ ਖਤਰਾ ਪੈਦਾ ਹੋ ਜਾਵੇ। ਉਨ੍ਹਾਂ ਕਿਹਾ ਕਿ ਮੁਸਲਿਮ ਸਮਾਜ ਵਿਚ ਹੀ ਅਜਿਹੇ ਲੋਕ ਹਨ ਜਿਨ੍ਹਾਂ ਨੇ ਸ਼ਾਹਬਾਨੋ ਕੇਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਔਰਤਾਂ ਦੇ ਹੱਕਾਂ ਦੀ ਹਿਫਾਜ਼ਤ ਕਰਾਰ ਦਿਤਾ ਹੈ। ਦੂਜੇ ਪਾਸੇ ਇਸੇ ਸਮਾਜ ਦਾ ਇਕ ਵਰਗ ਇਸ ਫੈਸਲੇ ਨੂੰ ਮੁਸਲਿਮ ਨਿਜੀ ਕਾਨੂੰਨ ਵਿਚ ਦਖਲ ਦੱਸ ਰਿਹਾ ਹੈ। ਸ੍ਰੀ ਚੰਦਰ ਸ਼ੇਖਰ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਨਿਜੀ ਰਾਏ ਇਹ ਹੈ ਕਿ ਭਾਰਤੀ ਮੁਸਲਮਾਨਾਂ ਨੂੰ ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ ਵਰਗੀਆਂ ਗੰਭੀਰ ਸਮੱਸਿਆਵਾਂ ਪੇਸ਼ ਹਨ, ਇਸ ਕਰਕੇ ਉਨ੍ਹਾਂ ਨੂੰ ਆਪਣਾ ਧਿਆਨ ਸ਼ਾਹਬਾਨੋ ਕੇਸ ਵਰਗੀਆਂ ਗੱਲਾਂ ਨੂੰ ਛੱਡ ਕੇ ਉਪਰੋਕਤ ਸਮੱਸਿਆਵਾਂ ਵੱਲ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਦੇ ਧਰਮ ਨੂੰ ਲੈ ਕੇ ਕੋਈ ਸਮੱਸਿਆ ਪੈਦਾ ਹੋਈ, ਸਥਿਤੀ ਦਾ ਕੱਟੜਪੰਥੀਆਂ ਨੇ ਲਾਭ ਉਠਾਇਆ। ਸ਼ਾਹਬਾਨੋ ਕੇਸ ਵਿਚ ਕੱਟੜਪੰਥੀ ਅਨਸਰ ਸਥਿਤੀ ਨੂੰ ਨਾਜ਼ੁਕ ਮੋੜ ਦੇ ਕੇ ਆਪਣੀ ਲੀਡਰੀ ਚਮਕਾਉਣ ਦੇ ਯਤਨ ਕਰ ਰਿਹਾ ਹੈ।

ਦੋ ਫੈਡਰੇਸ਼ਨ ਨੇਤਾ ਜ਼ਮਾਨਤ ਉਤੇ

ਬਟਾਲਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਗੁਰਦਾਸਪੁਰ ਇਕਾਈ ਦੇ ਜਨਰਲ ਸੈਕਟਰੀ ਸ੍ਰੀ ਕੇਵਲਜੀਤ ਸਿੰਘ ਅਤੇ ਬਟਾਲਾ ਯੂਨਿਟ ਦੇ ਪ੍ਰਧਾਨ ਸ੍ਰੀ ਅਵਤਾਰ ਸਿੰਘ ਨੂੰ ਜ਼ਿਲਾ ਜੇਲ੍ਹ ਵਿਚੋਂ ਜ਼ਮਾਨਤਾਂ ਉਤੇ ਛੱਡ ਦਿਤਾ ਗਿਆ ਹੈ। ਇਨ੍ਹਾਂ ਨੂੰ ਫੈਡਰੇਸ਼ਨ ਦੇ ਰਸਤਾ ਰੋਕੋ ਪ੍ਰੋਗਰਾਮ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ।

(ਪੰਨਾ 8 ਦੀ ਬਾਕੀ)

ਲੋਕ ਇਨ੍ਹਾਂ ਲੁਟੇਰੀਆਂ ਜੰਗਾਂ ਤੋਂ ਪਹਿਲਾਂ ਜਾਂ ਦੌਰਾਨ ਆਪਣੀ ਮੁਕਤੀ ਵੀ ਲਈ ਜੂਝਦੇ ਹਨ ਤੇ ਨਿਆਂਈ ਜੰਗਾਂ ਰਾਹੀਂ ਮੁਕਤੀ ਵੀ ਹਾਸਲ ਕਰਦੇ ਹਨ। ਜੋ ਹੱਕ ਅੱਜ ਅਸੀਂ ਮਾਣ ਰਹੇ ਹਾਂ ਲੋਕ ਸੰਘਰਸ਼ਾਂ ਦਾ ਸਿਟਾ ਹੈ। ਇਹ ਸੰਘਰਸ਼ ਅੱਜ ਵੀ ਜਾਰੀ ਹੈ ਤੇ ਜਦ ਤੱਕ ਹੱਕ ਖੋਹੇ ਜਾਂਦੇ ਰਹਿਣਗੇ, ਇਹ ਸੰਘਰਸ਼ ਜਾਰੀ ਰਹੇਗਾ। ਸਾਡੇ ਬਜ਼ੁਰਗਾਂ ਦੇ ਸੰਘਰਸ਼ਾਂ ਨੇ ਸਾਨੂੰ ਹੱਕ ਦਿਵਾਏ ਹਨ ਅਤੇ ਅੱਜ ਇਨ੍ਹਾਂ ਦੀ ਰਾਖੀ ਲਈ, ਆਉਣ ਵਾਲੇ ਭਵਿਖ ਲਈ, ਇਨ੍ਹਾਂ ਦੇ ਵਾਧੇ ਲਈ ਡਟਣਾ ਸਾਡਾ ਫਰਜ਼ ਹੈ। ਆਓ ਇਸ ਫਰਜ਼ ਨੂੰ ਪਹਿਚਾਣੀਏ।

ਲਾਜਵਾਬ ਖਾਣਿਆਂ ਲਈ ਇੰਡੀਆ ਗੇਟ ਰੈਸਟੋਰਾਂਟ



ਵੈਨਕੂਵਰ ਦੇ ਡਾਊਨਟਾਊਨ ਵਿਚ ਇਹ ਪ੍ਰਸਿੱਧ ਰੈਸਟੋਰਾਂਟ ਸਥਿਤ ਹੈ। ਇਥੇ ਅਕਸਰ ਲੰਚ ਅਤੇ ਡਿਨਰ ਸਮੇਂ ਆਮ ਲੋਕਾਂ ਦੀ ਗਹਿਮਾਗਹਿਮੀ ਨਜ਼ਰ ਆਉਂਦੀ ਹੈ। ਰੌਬਸਨ ਸਟਰੀਟ ਉਂਝ ਵੀ ਆਪਣੀ ਖੂਬਸੂਰਤੀ ਕਾਰਨ ਪ੍ਰਸਿੱਧ ਹੈ ਅਤੇ ਆਮ ਲੋਕਾਂ ਦੀ ਆਵਾਜਾਈ ਦੂਸਰੀਆਂ ਸਟਰੀਟਾ ਨਾਲੋਂ ਵਧੇਰੇ ਹੈ। ਇਸੇ ਕਾਰਨ ਇੰਡੀਆ ਗੇਟ ਰੈਸਟੋਰਾਂਟ ਉਤੇ ਗਾਹਕਾਂ ਦਾ ਤਾਂਤਾ ਬੱਝਾ ਰਹਿੰਦਾ ਹੈ।


ਆਮ ਤੌਰ ਉਤੇ ਇਸ ਰੈਸਟੋਰਾਂਟ ਉਤੇ ਤੁਹਾਨੂੰ ਸਫਲ ਵਪਾਰਕ ਵਿਅਕਤੀ ਨਜ਼ਰ ਆਉਂਦੇ ਹਨ। ਨਾਲ ਹੀ ਪੱਤਰਕਾਰਾਂ ਦਾ ਅਕਸਰ ਏਥੇ ਆਉਣ ਜਾਣ ਬਣਿਆ ਰਹਿੰਦਾ ਹੈ। ਜਿਸ ਤਰ੍ਹਾਂ 'ਵੈਨਕੂਵਰ ਸਨ' ਦੀ ਪੱਤਰਕਾਰ ਐਲਿਜ਼ਬਿਥ ਗੌਡਲੀ ਨੇ ਪਿਛਲੇ ਦਿਨੀਂ ਲਿਖਿਆ ਸੀ "ਵੈਨਕੂਵਰ ਦੇ ਵਧੀਆ ਰੈਸਟੋਰਾਂਟਾਂ ਵਿਚ ਇੰਡੀਆ ਗੇਟ ਰੈਸਟੋਰਾਂਟ ਦਾ ਨਾਂ ਗਿਣਿਆ ਜਾਂਦਾ ਹੈ। ਪਿਛਲੇ ਦਿਨ ਮੈਂ ਅਤੇ ਮੇਰੀ ਇਕ ਮਿੱਤਰ ਨੇ ਇਥੇ ਗਰਮ, ਤਾਜ਼ਾ ਅਤੇ ਬਹੁਤ ਸੁਆਦੀ ਖਾਣਾ ਖਾਧਾ। ਠੰਡੀ ਬੀਅਰ, ਹਰਾ ਸਲਾਦ, ਚਟਨੀ, ਚੌਲ ਅਤੇ ਘਿਓ-ਭਿੱਜੀ ਰੋਟੀ ਦਾ ਆਨੰਦ ਆ ਗਿਆ। ਇਸ ਤੋਂ ਵਧੀਆ ਗੱਲ ਇਹ ਹੈ ਕਿ ਖਾਣਾ ਬੜੇ ਵਾਜਬ ਰੇਟ ਤੇ ਮਿਲਦਾ ਹੈ।'

ਰੋਜ਼ਾਨਾ 'ਪ੍ਰੋਵਿਨੰਸ' ਦੇ ਪੱਤਰਕਾਰ ਜੇਮਜ਼ ਬਾਰਬਰ ਨੇ ਲਿਖਿਆ ਕਿ 'ਜੇ ਭਾਰਤੀ ਖਾਣਾ ਖਾ ਕੇ ਤੁਹਾਨੂੰ ਤਕਲੀਫ ਹੁੰਦੀ ਹੈ ਤਾਂ ਸਮਝੋ ਤੁਸੀਂ ਗ਼ਲਤ ਥਾਂ ਖਾਣਾ ਖਾ ਬੈਠੇ ਹੋ। ਮਸਾਲਾ ਜੇ ਪੂਰੀ ਤਰ੍ਹਾਂ ਭੁੰਨਿਆ ਨਾ ਹੋਵੇ ਤਾਂ ਬਦਹਜ਼ਮੀ ਪੈਦਾ ਕਰ ਦਿੰਦਾ ਹੈ। ਮੈਂ ਦੇਖਿਆ ਕਿ ਇੰਡੀਆ ਗੇਟ ਰੈਸਟੋਰਾਂਟ ਦੇ ਉਤੇ ਤੁਹਾਨੂੰ ਜਾਣੇ ਪਹਿਚਾਣੇ ਚਿਹਰੇ ਮਿਲਦੇ ਹਨ। ਇਸ ਦਾ ਮਤਲਬ ਇਹ ਹੈ ਕਿ ਤੁਹਾਨੂੰ ਵਧੀਆ ਖਾਣਾ ਮਿਲਣ ਕਾਰਨ ਮੁੜ ਮੁੜ ਇੰਡੀਆ ਗੇਟ ਰੈਸਟੋਰਾਂਟ ਉਤੇ ਜਾਣਾ ਪੈਂਦਾ ਹੈ। ਇਹੋ ਇਸ ਰੈਸਟੋਰਾਂਟ ਦੀ ਖੂਬਸੂਰਤੀ ਹੈ। ਮੇਰੇ ਖਿਆਲ ਅਨੁਸਾਰ ਭਾਰਤੀ ਖਾਣਿਆਂ ਲਈ ਇਹ ਰੈਸਟੋਰਾਂਟ ਟਾਊਨ ਵਿਚ ਸਭ ਤੋਂ ਵਧੀਆ ਹੈ।'

ਸੱਤੇ ਦਿਨ ਖੁਲ੍ਹਾ ਰਹਿੰਦਾ — ਇਹ ਰੈਸਟੋਰਾਂਟ ਟਾਊਨ ਵਿਚ ਵਾਕਏ ਹੀ ਬਹੁਤ ਲੋਕ-ਪ੍ਰਿਯਤਾ ਹਾਸਲ ਕਰ ਚੁੱਕਿਆ ਹੈ। ਰਛਪਾਲ ਸਿੰਘ ਗੁਪਤਾ ਅਤੇ ਉਨ੍ਹਾਂ ਦਾ ਸਟਾਫ ਤੁਹਾਨੂੰ 'ਜੀਅ ਆਇਆਂ' ਕਹਿਣ ਲਈ ਹਮੇਸ਼ਾਂ ਤਤਪਰ ਰਹਿੰਦੇ ਹਨ।

ਲਾਇਸੰਸ-ਸ਼ੁਦਾ ਹੋਣ ਕਾਰਨ ਬਹੁਤੇ ਗਾਹਕਾਂ ਨੂੰ ਹੋਰ ਥਾਵਾਂ ਉਤੇ ਨਹੀਂ ਜਾਣਾ ਪੈਂਦਾ। ਫਿਰ ਵੈਜੀਟੇਰੀਅਨ ਅਤੇ ਨਾਨ-ਵੈਜੀਟੇਰੀਅਨ ਦੋਵੇਂ ਤਰ੍ਹਾਂ ਦੇ ਖਾਣੇ ਮਿਲਣ ਕਾਰਨ ਹੋਰ ਵੀ ਸੁਵਿਧਾ ਰਹਿੰਦੀ ਹੈ। ਮੱਛੀ ਦੇ ਪਕਵਾਨ ਇਨ੍ਹਾਂ ਦੀ ਖਾਸ ਸਪੈਸ਼ਲਟੀ ਹੈ। ਤੰਦੂਰੀ ਚਿਕਨ, ਲੈਂਬ ਟਿੱਕੀਆਂ ਅਤੇ ਸ਼ੀਸ਼ ਕਬਾਬ ਬਨਾਉਣ ਵਿਚ ਇਨ੍ਹਾਂ ਨੂੰ ਖਾਸ ਮੁਹਾਰਤ ਹਾਸਲ ਹੈ।

'ਕੈਨੇਡਾ ਦਰਪਣ' ਦੇ ਪਾਠਕਾਂ ਨੂੰ ਇਸ ਰੈਸਟੋਰਾਂਟ ਦੀ ਸਿਫਾਰਿਸ਼ ਕਰਦਿਆਂ ਸਾਨੂੰ ਉਚੇਚੀ ਖੁਸ਼ੀ ਮਹਿਸੂਸ ਹੁੰਦੀ ਹੈ।



ਹਾਇ ਰੱਬਾ ! ਕੋਈ ਸਾਇੰਸ ਕੰਦੂਖੇੜਾ ਦੇ ਉੱਤੋਂ ਦੀ ਪੁਲ ਬਣਾ ਸਕਦੀ ?

ਸਾ ਹਿ ਤ ਦ ਰ ਪ ਣ

ਕਹਾਣੀ:

ਕੂਹ ਦਾ ਰੱਜ

ਯੁਵਰਾਜ

"ਕੀ ਗਲ ਸਰਦਾਰ ਜੀ, ਅੱਜ ਲੇਟ ਹੋ ਗਏ ਹੋ।"

"ਇਥੋਂ ਦੇ ਚੁੱਲਿਆਂ ਨੇ ਆਹ ਪੋਟੇ ਸਾੜ ਕੇ ਰੱਖ ਦਿਤੇ ਹਨ। ਮਹੀਨੇ ਕੁ ਭਰ ਦਾ ਸਾਗ ਫਰਿਜ ਵਿਚ ਪਿਆ ਸੀ ਤੇ ਨੂੰਹ ਜਾਣ ਲੱਗੀ ਕਹਿ ਗਈ ਸੀ, 'ਬਾਪੂ ਜੀ ਸਾਗ ਗਰਮ ਕਰਕੇ ਲੰਚ ਕਰ ਲੈਣਾ।' ਸਾਗ ਨੂੰ ਗਰਮ ਕਰਦੇ ਆਹ ਵੇਖੋ ਹੱਥ ਹੀ ਮਚਾ ਲਿਆ ਹੈ। ਸਾਰੀ ਉਮਰ ਦੇਸ ਵਿਚ ਚੁਲ੍ਹੇ ਅੱਗ ਬਾਲ ਕੇ ਨਹੀਂ ਵੇਖੀ ਸੀ, ਪਰ ਇਥੇ ਆ ਕੇ ਇਹ ਵੀ ਕੰਮ ਕਰ ਵੇਖਿਆ ਹੈ। ਸੱਚੀ ਗੱਲ ਤਾਂ ਇਹ ਹੈ ਮੈਂ ਤਾਂ ਡਰਦਾ ਡਰਦਾ ਹੀ ਚੁਲ੍ਹਾ ਜਲਾਉਂਦਾ ਹਾਂ, ਮਤੇ ਕਿਤੇ ਐਵੇਂ ਅੱਗ-ਉਗ ਹੀ ਨਾ ਲਗ ਜਾਵੇ। ਸੁਣਿਆ ਹੈ ਇਥੋਂ ਦੇ ਘਰ ਵੀ ਰੂੰ ਦੇ ਗੋਹੜੇ ਹੀ ਹਨ, ਮੱਚਣ ਲੱਗੇ ਪਲ ਹੀ ਲਾਉਂਦੇ ਹਨ। ਐਵੇਂ ਭੰਗ ਦੇ ਭਾਣੇ ਆਪ ਹੀ ਵਿਚੇ ਨਾ ਝੁਲਸ ਜਾਈਏ।

ਆਉਂਦੇ ਸਾਰ ਹੀ ਦੂਸਰੇ ਬਜ਼ੁਰਗ ਨੇ ਅੱਜ ਦੀ ਹੱਡਬੀਤੀ ਕਹਿ ਸੁਣਾਈ।

"ਦਿਨ ਤਾਂ ਅੱਜ ਸੋਹਣਾ ਲੱਗਾ ਹੈ, ਤੇ ਧੁੱਪ ਵੀ ਮਿੱਠੀ ਮਿੱਠੀ ਲਗਦੀ ਹੈ। ਆਪਾਂ ਜਿਸ ਪਾਸੇ ਜ਼ਿਆਦਾ ਚਿਰ ਧੁੱਪ ਰਹੇ ਉਸ ਪਾਸੇ ਜਾ ਬੈਠੀਏ। ਉਹ ਵੇਖੋ ਇਕ ਬੈਂਚ ਖਾਲੀ ਪਿਆ ਹੈ, ਉਥੇ ਜਾ ਬੈਠਦੇ ਹਾਂ। ਵੇਖੋ ਤਾਂ ਸਹੀ ਬੇ-ਸ਼ਰਮ ਜਾਤ ਕਿਵੇਂ ਨੰਗ-ਧੜੰਗੀ ਘਾਹ ਤੇ ਲਿਟਣ ਡਹੀ ਹੈ।"

ਦੋਵੇਂ ਬਜ਼ੁਰਗ ਹਰ ਰੋਜ਼ ਦੀ ਤਰ੍ਹਾਂ ਇਸ ਛੋਟੀ ਜਿਹੀ ਪਾਰਕ ਵਿਚ ਆ ਬੈਠਦੇ ਹਨ, ਜਿਹੜੀ ਉਨ੍ਹਾਂ ਦੇ ਘਰਾਂ ਤੋਂ ਨੇੜੇ ਪੈਂਦੀ ਹੈ। ਦੋ-ਚਾਰ ਘੰਟੇ ਘਰ ਦੀ ਘੁੱਟਣ ਨੂੰ ਭੁਲਾ ਕੇ ਆਪਣੇ ਮਨਾਂ ਦਾ ਬੋਝ ਹਲਕਾ ਕਰ ਲੈਂਦੇ ਹਨ।

"ਹਾਂ, ਮੈਂ ਕੱਲ੍ਹ ਵੀ ਦਸ ਰਿਹਾ ਸੀ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਫਲ ਸਦਕਾ ਤੇ ਗੱਦੀਆਂ ਸਾਂਭੀ ਬੈਠੇ ਹਨ ਮੌਕਾਪ੍ਰਸਤ। ਬਾਬੇ ਅਣਥੱਕ ਰਹਿੰਦੇ ਹੋਏ ਉਨ੍ਹਾਂ ਉਹ ਘਾਲਨਾਵਾਂ ਘਾਲੀਆਂ ਜਿਨ੍ਹਾਂ ਨੂੰ ਰਹਿੰਦੀ ਦੁਨੀਆਂ ਤੀਕ ਭਾਰਤੀ ਯਾਦ ਕਰਿਆ ਕਰਨਗੇ। ਇਥੋਂ ਤਕ ਉਨ੍ਹਾਂ ਆਪਣੀਆਂ ਜਾਨਾਂ ਦੀ ਪਰਵਾਹ ਵੀ ਨਹੀਂ ਕੀਤੀ। ਆਪਣੀਆਂ ਜ਼ਿੰਦੜੀਆਂ ਕੌਮ ਦੇ ਲੇਖੇ ਲਾ ਕੇ ਗੋਰੀ ਸਰਕਾਰ ਨੂੰ ਦੇਸ਼ ਚੋਂ ਭਜਾਉਣ ਦਾ ਬੀੜਾ ਚੁਕਿਆ। ਬਾਬਾ ਜੀ ਗਦਰ ਪਾਰਟੀ ਦੇ ਪਹਿਲੇ ਪਰਧਾਨ ਸੀ ਜਿਨ੍ਹਾਂ ਨੇ ਸਖ਼ਤ ਮਿਹਨਤ ਮਜ਼ੂਰੀ ਕਰਕੇ ਗਦਰ ਪਾਰਟੀ ਦਾ ਮੁੱਢ ਬੰਨ੍ਹਿਆ। ਜਿਸ ਦਾ ਮਨੋਰਥ ਸੀ, ਗੋਰਿਆਂ ਦੀ ਸਰਕਾਰ ਨੂੰ ਭਜਾ ਕੇ, ਉਥੇ ਕਿਸਾਨ ਤੇ ਕਿਰਤੀ ਦਾ ਰਾਜ ਲਿਆਉਣਾ। ਉਨ੍ਹਾਂ ਨੇ ਕੈਨੇਡਾ-ਅਮਰੀਕਾ ਵਿਚੋਂ ਹੀ ਇਕ ਰੋਹ ਭਰਿਆ ਸੇਧਤ ਅਖਬਾਰ ਕੱਢਣਾ ਸ਼ੁਰੂ ਕੀਤਾ। ਤੇ ਉਸ ਅਖਬਾਰ ਨੂੰ ਚਲਾਉਣ ਵਾਲੇ ਸਨ, ਅਣਥੱਕ ਯੋਧੇ ਲਾਲਾ ਹਰਦਿਆਲ ਤੇ ਪੰ: ਕਾਂਸੀ ਰਾਮ। ਬਦੇਸ਼ਾਂ ਵਿਚ ਰਹਿੰਦੇ ਭਾਰਤੀ ਕਿਰਤੀਆਂ ਨੂੰ ਸੰਗਠਤ ਕਰਕੇ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਸੰਗਰਾਮ ਜਾਰੀ ਰੱਖਿਆ। ਬਾਬਾ ਜੀ ਨੇ ਚੀਨ, ਬਰਮਾ, ਮਲਾਇਆ, ਸਿੰਘਾਪੁਰ ਜਾ ਕੇ ਵੀ ਭਾਰਤੀ-ਕਿਰਤੀਆਂ ਨੂੰ ਆਜ਼ਾਦੀ ਲਈ ਪਰੇਰਿਆ। ਉਨ੍ਹਾਂ ਨੇ ਸਭ ਨੂੰ ਆਪਣੇ ਦੇਸ਼ ਪ੍ਰਤੀ ਇਹੋ ਰੂਹ ਫੂਕੀ ਕਿ ਅਸੀਂ ਉਨੀ ਦੇਰ ਚੈਨ ਨਾਲ ਨਹੀਂ ਬੈਠਾਂਗੇ, ਜਿੰਨੀ ਦੇਰ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਨਹੀਂ ਲੈਂਦੇ। ਬਾਬਾ ਜੀ ਰੂਸ ਵਿਚ ਵੀ ਗਏ ਜਿਥੋਂ ਉਨ੍ਹਾਂ ਇਨਕਲਾਬੀ ਵਿਦਿਆ ਹਾਸਲ ਕੀਤੀ।

ਜਦੋਂ ਉਨ੍ਹਾਂ ਦਾ ਜਹਾਜ਼ ਬੰਦਰਗਾਹ ਤੇ ਲਗਿਆ ਤਾਂ ਗੋਰੀ ਸਰਕਾਰ ਨੇ ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਤੇ ਦੋਸ਼ ਲਾਇਆ ਕਿ ਉਹ ਸਰਕਾਰ ਦਾ ਤਖਤਾ ਉਲਟਾਉਣ ਲਈ ਭੰਨ-ਤੋੜ ਦੀਆਂ ਕਾਰਵਾਈਆਂ ਵਿਚ ਪੂਰੇ ਸਰਗਰਮ ਹਨ। ਫਿਰ ਉਨ੍ਹਾਂ ਨੂੰ ਕਾਲੇ ਪਾਣੀ ਭੇਜ ਦਿਤਾ। ਉਥੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚੋਂ ਵੀ ਇਨਕਲਾਬੀ ਰੱਖੇ ਹੋਏ ਸਨ। ਬਾਬਾ ਜੀ ਦੀਆਂ ਇਨਕਲਾਬੀ ਸਰਗਰਮੀਆਂ ਜੇਲ੍ਹ ਵਿਚ ਵੀ ਜਾਰੀ ਰਹੀਆਂ। ਬਹੁਤੇ ਗਦਰੀ ਬਾਬੇ ਉਸ ਜੇਲ੍ਹ ਵਿਚੋਂ ਛੁੱਟਣ ਲਈ ਕਾਮਯਾਬ ਹੋਏ, ਭਾਵੇਂ ਕਿ ਬੁਢ ਬੁ ਨੂੰ ਕੰਧਾਂ ਟੱਪਣ ਲੱਗੇ ਕਾਫੀ ਚੋਟਾਂ ਲੱਗੀਆਂ। ਸੰਘਰਸ਼ ਕੌਣ ਕਰਦਾ ਰਿਹਾ ਤੇ ਤੁਹਾਨੂੰ ਪਤਾ ਹੀ ਹੈ, ਜਦੋਂ ਆਜ਼ਾਦੀ ਮਿਲੀ ਉਹ ਗਾਂਧੀ ਰਾਮ ਰਾਜ ਦੇ ਚਾਟੜਿਆਂ ਨੂੰ। ਜਿਹੜੇ ਗੋਰੀ ਸਰਕਾਰ ਦੀਆਂ ਚਿਲਮਾਂ ਭਰਦੇ ਰਹੇ ਸੀ। ਤੇ ਗਦਰੀ ਬਾਬੇ ਹੁਣ ਤੀਕ ਵੀ ਭੁੱਖ-ਰੋਹ ਨਾਲ ਮਰਦੇ ਰਹੇ ਹਨ, ਉਨ੍ਹਾਂ ਦੀ ਕਿਸੇ ਨੇ ਬਾਤ ਵੀ ਨਹੀਂ ਪੁੱਛੀ। ਸ਼ੈਤਾਨ ਗੱਦੀ ਤੇ ਕਾਬਜ਼ ਹੈ ਤੇ ਇਨਸਾਨ ਝੌਂਪੜੀ ਵਿਚ ਆਪਣੀ ਮੌਤ ਦੇ ਦਿਨ ਗਿਣ ਰਿਹਾ ਹੈ। ਇਹ ਹੈ ਆਪਣੇ ਦੇਸ਼ ਦਾ ਹਾਲ।

ਬਾਬਾ ਜੀ ਮਰਦੇ ਦਮ ਤੱਕ ਆਪਣੇ ਪਿੰਡ ਵਿਚ ਹੀ ਔਖੀ ਜ਼ਿੰਦਗੀ ਹੰਢਾ ਕੇ ਚਲਦੇ ਬਣੇ; ਪਰ ਇਥੋਂ ਤਕ ਦੇਸੀ ਸਰਕਾਰ ਨੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਇਕ ਧੇਲਾ ਵੀ ਨਹੀਂ ਪਾਇਆ। ਜਿਹੜੀ ਆਜ਼ਾਦੀ ਬਾਬਾ ਜੀ ਚਾਹੁੰਦੇ ਸਨ, ਉਹ ਨਹੀਂ ਮਿਲੀ ਸੀ। ਉਹ ਕਿਸਾਨ-ਕਿਰਤੀ ਰਾਜ ਨੂੰ ਅਸਲੀ ਆਜ਼ਾਦੀ ਮੰਨਦੇ ਸਨ। ਜੋ ਹੁਣ ਚੌਧਰ ਦੀਆਂ ਕੁਰਸੀਆਂ ਮੱਲੀ ਬੈਠੇ ਹਨ, ਉਹ ਦੇਸ਼ ਦੇ ਅਸਲੀ ਗਦਾਰ ਹਨ। ਉਹ ਉਸ ਦਲੇ ਵਰਗੇ ਹਨ ਜੋ ਚੁਬਾਰੇ ਵਿਚਲੇ ਹੁਸਨ ਨੂੰ ਵੇਚਣ ਦੀ ਦਲਾਲੀ ਕਰਦਾ ਹੋਵੇ।

ਤੁਸੀਂ ਭਾਰਤ ਦੇ ਕਿਸੇ ਕੋਨੇ ਵੱਲ ਝਾਤ ਮਾਰੋ ਇਨ੍ਹਾਂ "ਦੇਸੀ ਗੋਰਿਆਂ" ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਵਿਰਾਸਤ ਵਿਚ ਗੋਰੀ ਸਰਕਾਰ ਨੂੰ ਵੀ ਪਿਛਾਂਹ ਛੱਡ ਗਏ ਹਨ। ਗੋਰੇ ਅਖੌਤੀ ਆਜ਼ਾਦੀ ਦੇ ਕੇ ਆਪ ਪਰਦੇ ਪਿਛੇ ਚਲੇ ਗਏ ਹਨ, ਕਰਵਾ ਹੁਣ ਵੀ ਆਪਣੇ ਪਾਲਤੂ-ਝੁੱਗੀਆਂ ਤੋਂ ਉਹੋ ਹੀ ਰਹੇ ਹਨ ਜੋ ਉਨ੍ਹਾਂ ਦੇ ਲੋਭ-ਲਾਲਚ ਨੂੰ ਭਾਉਂਦਾ ਹੋਵੇ।

ਅਖੌਤੀ ਆਜ਼ਾਦੀ ਤੋਂ ਮਗਰੋਂ ਜੋ ਖਾਸਾ ਇਨਕਲਾਬੀ ਪਾਰਟੀ ਦਾ ਬਾਬਾ ਜੀ ਨੇ ਵੇਖਿਆ, ਉਸ ਤੋਂ ਉਹ ਬੇ-ਮੁਖ ਹੋ ਗਏ। ਉਹ ਹਮੇਸ਼ਾਂ ਇਹੋ ਕਹਿੰਦੇ ਸਨ ਸਮੇਂ ਦਾ ਸੱਚ ਇਹ ਹੈ ਕਿ ਅਖਬਾਰੀ ਲੀਡਰਸ਼ਿਪ ਦੋਗਲੀ ਜਮਾਤ ਵਿਚੋਂ ਸੀ ਤੇ ਉਨ੍ਹਾਂ ਚੋਧਰ ਦੀ ਭੁੱਖ ਨੇ ਇਕ ਲਾਲ ਪਾਰਟੀ ਤੋਂ ਅਨੇਕਾਂ ਲਾਲ ਪਾਰਟੀਆਂ ਬਣ ਗਈਆਂ ਹਨ। ਹਰ ਇਕ ਹੀ ਆਪਣੇ ਆਪ ਨੂੰ "ਅਸਲੀ" ਇਨਕਲਾਬੀ ਕਹਾਉਂਦੇ ਹਨ। ਕੰਮ ਉਨ੍ਹਾਂ ਦਾ ਕੈਂਚੀ ਦੀ ਤਰ੍ਹਾਂ ਜ਼ਬਾਨ ਚਲਾਉਣਾ ਤੇ ਆਪਸ ਵਿਚ ਤੋਹਮਤਬਾਜ਼ੀ ਤੇ ਕਰਮ ਉਨ੍ਹਾਂ ਵਿਚ। ਪਰ ਹਾਲੇ ਵੀ ਮੁੱਖਲੀ ਪਾਰਟੀ ਵਿਚ ਇਮਾਨਦਾਰ ਕੇਡਰ ਬੈਠਾ ਹੈ, ਜੋ ਸੁੱਚੀ ਲੀਡਰਸ਼ਿਪ ਨੂੰ ਲਾਹਨਤਾਂ ਪਾਉਂਦਾ ਹੈ। ਜੰਤਾ ਨੂੰ ਉਹ ਲੋਕ ਅਗਵਾਈ ਦੇਣਗੇ, ਜੋ ਜੰਤਾ ਵਿਚੋਂ ਉਠਣਗੇ ਅਜ ਤੀਕ ਅਗਵਾਈ ਵਿਚਲੇ ਤਬਕੇ ਕੋਲ ਹੀ ਰਹੀ ਹੈ। ਜਦੋਂ ਤੀਕ ਲੀਡਰਸ਼ਿਪ ਜੰਤਾ ਵਿਚੋਂ ਨਹੀਂ ਆਉਂਦੀ, ਸਮਾਜਵਾਦ ਵੱਲ ਵਧਣ ਦਾ ਸਵਾਲ ਹੀ ਨਹੀਂ ਉਠਦਾ। ਇਹ ਤੱਦ ਹੀ ਹੋ ਸਕੇਗਾ ਜਦੋਂ ਜੰਤਾ ਵਿਚ ਜਾਗਰਤੀ ਤੇ ਆਤਮ-ਵਿਸ਼ਵਾਸ਼ ਲਿਆਂਦਾ ਜਾਵੇਗਾ, ਫਿਰ ਇਨਕਲਾਬ ਦਾ ਨਾਹਰਾ ਬੁਲੰਦ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਨਹੀਂ ਹੋਵੇਗੀ।"

"ਗਲਾਂ ਤਾਂ ਤੁਹਾਡੀਆਂ ਸਾਰੀਆਂ ਹੀ ਖਰੀਆਂ ਹਨ ਤੇ ਅੱਜ ਸੁਣਾ ਵੀ ਪੂਰਾ ਇਤਿਹਾਸ ਹੀ ਦਿਤਾ। ਪਰ ਮੈਨੂੰ ਇਹ ਦੱਸੋ ਕਿ ਜਿੰਨ੍ਹਾਂ ਕਾਮਰੇਡਾਂ ਨੇ ਇਨਕਲਾਬ ਲਿਆਉਣ ਦਾ ਸ਼ੋਰ-ਸ਼ਰਾਬਾ ਮਚਾਇਆ ਤੇ ਹਰ ਕੋਈ ਇਹੋ ਆਖ ਰਿਹਾ ਹੈ ਕਿ ਸਾਡਾ ਗਰੁੱਪ ਹੀ ਅਸਲੀ ਇਨਕਲਾਬੀ ਹੈ। ਤੁਸੀਂ ਐਵੇਂ ਨੀਲੇ-ਪੀਲਿਆਂ ਨੂੰ ਪਾਗਲ ਆਖਕੇ ਹੱਸਦੇ ਹੋ ਕਿ ਕਿਵੇਂ ਛਿੱਤਰੀਂ ਦਾਲ ਪਾ ਕੇ ਵੰਡਦੇ ਹਨ। ਮੈਨੂੰ ਤਾਂ ਇਹੋ ਹਾਲ ਤੁਹਾਡੇ ਕਾਮਰੇਡਾਂ ਦਾ ਲਗਦਾ ਹੈ। ਤੁਹਾਡੀਆਂ ਗਲਾਂ ਖਾਸ ਕਰਕੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਮਨਸ਼ਿਆਂ ਤੋਂ ਕੋਈ ਮੁਨਕਰ ਨਹੀਂ ਹੋਵੇਗਾ, ਤੇ ਮੈਂ ਵੀ ਬਹੁਤ ਪ੍ਰਭਾਵਤ ਹੋਇਆ ਉਨ੍ਹਾਂ ਦੀਆਂ ਗੱਲਾਂ ਸੁਣਕੇ।

ਮੈਨੂੰ ਯਾਦ ਹੈ ਸਾਡੇ ਪਿੰਡ ਦਾ ਰਣਜੀਤਾ ਕਾਮਰੇਡ ਸੀ, ਜਦੋਂ ਕਦੇ ਉਹ ਸੱਥ ਵਿਚ ਆ ਬਹਿੰਦਾ ਸੀ, ਫਿਰ ਤਾਂ ਉਹ ਭਾਰਤ-ਪੰਜਾਬ ਦਾ ਕਿੱਸਾ ਸੁਣਾਏ ਬਿਨਾਂ ਦਮ ਨਹੀਂ ਲੈਂਦਾ ਸੀ। ਜੈਤੋ ਦੇ ਮੋਰਚੇ ਤੋਂ ਸ਼ੁਰੂ ਕਰਕੇ ਹੁਣ ਤੱਕ ਦਾ ਇਤਿਹਾਸ ਉਸ ਨੇ ਪੂਰਾ ਹੀ ਕੰਠ ਕੀਤਾ ਹੋਇਆ ਸੀ। ਮੈਂ ਅਕਾਲੀ ਲਹਿਰ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ ਸੀ। ਇਹ ਚੀਫ ਖਾਲਸਾ ਦੀਵਾਨੀਏ ਅੰਗਰੇਜ਼ਾਂ ਦੇ ਪੂਰੇ ਝੋਲੀ-ਚੁੱਕ ਸਨ। ਇਨ੍ਹਾਂ ਬੂਟ-ਚੱਟਾਂ ਨੂੰ ਤੇ ਪੰਜਾਬ ਵਿਚ ਗੁਰਦੁਆਰਿਆਂ ਵਿਚ ਛਾਏ ਮਹੰਤਾਂ ਦੀ ਗਤ ਕਿਵੇਂ ਸੰਵਾਰੀ। ਇਹਨਾਂ ਪਖੰਡੀਆਂ ਦੀਆਂ ਖਾ ਖਾ ਕੇ ਕਿਵੇਂ ਤੋਂਦਾਂ ਵਧਾਈਆਂ ਸਨ — ਹਰਿਮੰਦਰ ਸਾਹਿਬ ਤੇ ਗੁਰਦੁਆਰੇ ਕਿਵੇਂ ਆਪਣੇ ਬਾਪ ਦੀ ਜਾਇਦਾਦ ਹੀ ਸਮਝਦੇ ਸੀ - ਬੱਬਰ ਅਕਾਲੀ ਲਹਿਰ ਦੇ ਸਰਗਰਮ ਕਾਮਿਆਂ ਨੇ ਚੀਫ ਖਾਲਸਾ ਦੀਵਾਨੀਆਂ ਤੋਂ ਕਬਜ਼ਾ ਛਡਵਾਇਆ। ਜੋ ਵੀ ਬੱਬਰ ਅਕਾਲੀ ਲਹਿਰ ਵਿਚ ਕੁੱਦੇ ਸਨ ਜ਼ਿਆਦਾ ਤਰ ਗਦਰ ਪਾਰਟੀ ਵਿਚੋਂ ਹੀ ਆਏ ਸਨ - ਉਨ੍ਹਾਂ ਅਣਥੱਕ ਬੱਬਰਾਂ ਦਾ ਸੱਚ ਪ੍ਰਤੀ ਜੋ ਸੰਕਲਪ ਸੀ ਬਹੁਤ ਹੀ ਸਪਸ਼ਟ ਸੀ।

"ਜੋ ਸੁਣਕੇ ਫੈਸਲਾ ਲੈਂਦਾ ਹੈ, ਉਸ ਫੈਸਲੇ ਵਿਚੋਂ ਬਦਲੇ ਦੀ ਭਾਵਨਾ ਦੀ ਬੂ ਆਉਂਦੀ ਹੈ। ਸੱਚ ਪਾਰਦਰਸ਼ੀ ਸ਼ੀਸ਼ਾ ਹੈ, ਜੋ ਤਸਵੀਰ ਦੇ ਦੋਵੇਂ ਪਾਸੇ ਵੇਖਕੇ ਨਿਰਣਾ ਕਰਦਾ ਹੈ। ਇਸੇ ਤਰ੍ਹਾਂ ਧਰਮ ਅਸਥਾਨਾਂ ਵਿਚ ਇਕ ਦੂਸਰੇ ਤੇ ਚਿੱਕੜ ਆਮ ਹੀ ਸਿੱਟਿਆ ਜਾਂਦਾ ਸੀ। ਪਰ ਉਨ੍ਹਾਂ ਦਾ ਕਹਿਣਾ ਸੀ "ਦੋਸ਼ੀ ਠਹਿਰਾਉਣ ਵਾਲਾ ਆਪ ਦੋਸ਼ੀ ਤੋਂ ਘੱਟ ਨਹੀਂ ਜੇ ਉਹ ਤੱਥਾਂ ਦੇ ਅਧਾਰ ਤੇ ਦੋਸ਼ ਸਾਬਤ ਨਹੀਂ ਕਰਦਾ। ਨਾ ਸਾਬਤ ਕਰ ਸਕਣਾ ਹੀ ਬਦਲਾ ਹੈ, ਜੋ ਅਕਲਮੰਦੀ ਦਾ ਜਾਨੀ ਦੁਸ਼ਮਣ ਹੈ।"

ਹੁਣ ਵੀ ਉਹੋ ਗੰਦ ਹੈ, ਪਹਿਲਾਂ ਅੰਗਰੇਜ਼ਾਂ ਦੇ ਬੂਟ-ਚੱਟਾਂ ਦਾ ਹਰਿਮੰਦਰ ਸਾਹਿਬ ਤੇ ਕਬਜ਼ਾ ਸੀ, ਹੁਣ ਜਾਗੀਰਦਾਰਾਂ ਤੇ ਸਰਮਾਏਦਾਰਾਂ ਦਾ ਕਬਜ਼ਾ ਹੈ। ਸਿਰਫ ਸ਼ਕਲਾਂ ਹੀ ਬਦਲੀਆਂ ਹਨ ਤੇ ਅਕਲਾਂ ਉਹੋ ਹੀ ਜਮਾਤ ਦੀਆਂ ਹਨ ਜਿਸ ਵਿਚ ਰਤੀ ਭਰ ਵੀ ਫਰਕ ਨਹੀਂ। ਜਿਹੜਾ ਗੰਦ ਪਿਛਲੇ ਤਿੰਨਾਂ-ਚਾਰਾਂ ਸਾਲਾਂ ਤੋਂ ਉਭਰਕੇ ਸਾਹਮਣੇ ਆਇਆ ਹੈ, ਕੋਈ ਸਾਧਾਰਨ ਆਦਮੀ ਸ਼ਰਧਾ ਰੱਖਣ ਵਾਲਾ ਤਾਂ ਉਸ ਪਾਸੇ ਹੁਣ ਮੂੰਹ ਨਹੀਂ ਕਰੇਗਾ। ਜਿਸ "ਪਵਿੱਤਰ ਅਸਥਾਨ" ਤੇ ਸਮੱਗਲਰਾਂ ਨੂੰ ਪਨਾਹ, ਹਿੰਦੂਆਂ ਨੂੰ ਮਾਰਨ ਦੇ ਅਖੌਤੀ ਹੁਕਮਨਾਮੇ, ਸ਼ਰਾਬਾਂ, ਅਫੀਮਾਂ ਤੇ ਤੀਵੀਆਂ ਤੇ ਆਦਮੀਆਂ ਦਾ ਧਰਮ ਅਸਥਾਨਾਂ ਅੰਦਰ ਕਤਲ ਤੇ ਬਾਹਰ ਕਤਲ ਕਰਕੇ ਅੰਦਰ ਪਨਾਹ ਮਿਲਦੀ ਰਹੀ ਹੈ। ਇਹ ਸਭ ਸਮੇਂ ਦਾ ਸੱਚ ਹੋ ਚੁੱਕਾ ਹੈ - ਜੋ ਭਵਿੱਖ ਵਿਚ ਪੰਜਾਬੀ ਇਸ ਕਾਲੀਆਂ ਕਰਤੂਤਾਂ ਨੂੰ ਪੜ੍ਹਕੇ ਖਿਲੀ ਉਡਾਉਣਗੇ। ਜਿਸ ਤਰ੍ਹਾਂ ਅਸੀਂ ਅੱਜ ਨਖੇਧੀ ਕਰਦੇ ਹਾਂ।

ਸਰਦਾਰ ਜੀ! ਮੇਰਾ ਤਾਂ ਵਿਸ਼ਵਾਸ਼ ਹੀ ਜਾਂਦਾ ਰਿਹਾ ਹੈ। ਪਹਿਲਾਂ ਤਾਂ ਕਦੇ ਕਦਾਈਂ ਅੰਮ੍ਰਿਤਸਰ ਜਾ ਕੇ ਦਰਸ਼ਨ-ਮੇਲਾ ਕਰ ਆਈਦਾ ਸੀ। ਹੁਣ ਉਸ ਅਪਵਿਤਰ ਅਸਥਾਨ ਵੱਲ ਮੂੰਹ ਵੀ ਕਰਨ ਨੂੰ ਜੀ ਨਹੀਂ ਮੰਨਦਾ। ਦਿਲੀ ਦੇ ਤਖਤ ਵਾਲੇ ਜੋ ਸੱਪ ਨੂੰ ਦੁੱਧ ਪਿਲਾਉਂਦੇ ਰਹੇ ਉਹੋ ਹੀ ਉਨ੍ਹਾਂ ਨੂੰ ਡੰਗਣ ਪੈ ਗਿਆ। ਇਥੇ ਹੀ ਬਸ ਨਹੀਂ ਨੀਲੇ-ਪੀਲੇ ਵੀ ਉਨੇ ਹੀ ਗੁਨਾਹਗਾਰ ਹਨ, ਜਿੰਨੇ ਦਿੱਲੀ ਦੇ ਤਖਤ ਵਾਲੇ। ਉਥੋਂ ਹੀ ਹਿੰਦੂਆਂ ਨੂੰ ਤੇ ਲੋਕ-ਹਿਤੂਆਂ ਨੂੰ ਮਾਰਨ ਦੀਆਂ ਹਿਟ-ਲਿਸਟਾ ਬਣਦੀਆਂ ਰਹੀਆਂ ਤੇ ਸਾਧਾਰਨ ਜੰਤਾ ਦਾ ਘਾਣ ਵੀ ਹੋਇਆ। ਉਥੇ "ਗੁਰੂ" ਦੇ ਗੁਰੂਆਂ ਦੀ ਕਿਰਤ ਬਿਰਾਜਮਾਨ ਹੈ। ਜਿਸ ਵਿਚ ਸਾਫ ਅੱਖਰਾਂ ਵਿਚ ਲਿਖਿਆ ਹੈ, ਸਾਰੀ ਆਦਮ-ਜਾਤ ਵਿਚ ਕੋਈ ਭਿੰਨਭੇਦ ਨਹੀਂ ਤੇ ਉਸਨੂੰ ਸਾਜਣ ਵਾਲਾ ਵੀ ਇਕੋ ਹੈ। ਉਸ ਪਵਿਤਰ ਕਿਰਤ ਦੇ ਪਤਰੇ ਉੜਾ ਦਿਤੇ ਜਦੋਂ ਆਦਮਜਾਤ ਦੇ ਘਾਣ ਕਰਨ ਦੇ ਹੁਕਮਨਾਮੇ ਜਾਰੀ ਹੋਣ ਲੱਗੇ। ਕਿਥੇ ਗਈ ਸਿੱਖ ਗੁਰ-ਮਰਯਾਦਾ। ਕਿੱਥੇ ਪੰਜ ਪਿਆਰਿਆਂ ਦੇ ਹੁਕਮਨਾਮੇ। ਸਭ ਮੋਕ ਮਾਰ ਗਏ ਬੰਦੂਕ ਵੇਖ ਕੇ ਤੇ ਜਾ ਬੈਠੇ ਆਪਣੇ ਆਪਣੇ ਘੁਰਨਿਆਂ ਵਿਚ ਡਰਕੇ।

ਪਵਿੱਤਰ ਸਰੋਵਰ ਹੁਣ ਪਵਿੱਤਰ-ਖੂਨ-ਸਰੋਵਰ ਬਣ ਗਿਆ ਹੈ। ਕੀ ਉਸ ਸਰੋਵਰ ਵਿਚ ਖੂਨ ਜਗੀਰਦਾਰ ਜਾਂ ਸਰਮਾਏਦਾਰ ਦਾ ਡੁਲ੍ਹਿਆ ਹੈ? ਨਹੀਂ; ਖੂਨ ਦੀ ਹੋਲੀ ਖੇਡੀ ਗਈ ਭਾਈ ਲਾਲੋ ਦੇ ਪਰਵਾਰਾਂ ਨਾਲ। ਦਿੱਲੀ ਦੇ ਤਖਤ ਦੇ ਬੂਟ-ਚੱਟਾਂ ਨੂੰ ਤੱਤੀ ਵਾ ਵੀ ਨਹੀਂ ਲੱਗਣ ਦਿਤੀ।

ਹਾਂ! ਤੇ ਉਹੋ ਹੀ ਹਾਲ ਇੱਥੇ ਹੈ, ਆਪਣੇ ਵਿੰਹਦੇ ਵਿੰਹਦੇ ਇਥੇ ਇਕ ਗੁਰਦੁਆਰੇ ਤੋਂ ਪੰਜ ਬਣ ਗਏ ਹਨ। ਇਕ ਥਾਂ ਚੋਧਰ ਦੀ ਕੁਰਸੀ ਖੁਸ ਗਈ ਤਾਂ ਦੋ-ਚਾਰਾਂ ਨੂੰ ਨਾਲ ਲੈ ਕੇ ਦੂਸਰੀ ਥਾਂ ਤੇ ਖੱਟੀ ਦੀ ਹੱਟੀ ਖੋਲ੍ਹ ਲਈ। ਨਾਲੇ ਇਹ ਸਾਰੀ ਮੰਡੀਰ ਉਥੋਂ ਪੜ੍ਹੀ ਲਿਖੀ ਆਈ ਹੈ।

ਤੁਹਾਡੀ ਇਹ ਗੱਲ ਮੇਰੇ ਦਿਲ ਲਗੀ ਹੈ, "ਇਹ ਸਭ ਦੋਗਲੀ ਜਮਾਤ ਦਾ ਖਾਸਾ ਹੈ।"

ਅੱਜ ਤਾਂ ਆਪਾਂ ਪੁਰਾਣੇ ਇਤਿਹਾਸ ਤੇ ਹੁਣ ਦੀ ਸਿਆਸਤ ਤੇ ਵਾਹਵਾ ਦੰਦ ਕਥਾ ਕੀਤੀ ਹੈ। ਤੇ ਸਮਾਂ ਵੀ ਚੰਗਾ ਲੰਘ ਗਿਆ। ਤਿੰਨ ਵੱਜਣ ਲੱਗੇ ਹਨ, ਬੱਚਿਆਂ ਦੇ ਸਕੂਲੋਂ ਆਉਣ ਦਾ ਸਮਾਂ ਹੁੰਦਾ ਜਾ ਰਿਹਾ ਹੈ ਤੇ ਹੁਣ ਚਲਿਆ ਜਾਵੇ

"ਮੈਂ ਆਪਣੇ ਘਰ ਪੈਰ ਪਾਇਆ ਹੀ ਸੀ, ਪਿਛੋਂ ਕਿਸੇ ਨੇ ਫਤਹਿ ਬੁਲਾਈ। ਮੈਂ ਪਿਛਾਂਹ ਘੁਮਾਕੇ ਵੇਖਿਆ ਤਾਂ ਮੇਰੀ ਕੁ ਉਮਰ ਦੇ ਬਜ਼ੁਰਗ ਸਾਦੇ ਪਹਿਰਾਵੇ ਵਿਚ ਮੇਰੇ ਵੱਲ ਵਧੇ। ਮੈਂ ਪੁੱਛਿਆ ਕੀ ਹਾਲ ਹੈ।"

"ਹਾਲ ਹੂਲ ਕੁਝ ਨੀ। ਤਿੰਨ ਦਿਨ ਹੋ ਗਏ ਹਨ ਦੇਸੋਂ ਆਏ ਨੂੰ ਤੇ ਅੱਜ ਭੋਰਾ ਬਾਹਰ ਦੀ ਵਾ ਲਈ ਹੈ ਤੇ ਲੱਤਾਂ ਸਿੱਧੀਆਂ ਕੀਤੀਆਂ ਹਨ। ਡਰਦਾ ਮੈਂ ਦੂਰ ਨਹੀਂ ਗਿਆ ਅਨਪੜ੍ਹ ਖਰੂਨ ਹਾਂ ਨਾ ਘਰ ਦਾ ਨੰਬਰ ਜਾਣਦਾ ਹਾਂ ਤੇ ਨਾ ਹੀ ਗਲੀ ਦਾ ਨਾਂ। ਤੇ ਤੁਸੀਂ ਕਿਥੋਂ ਆਏ।"

"ਮੈਂ ਵਲੈਤੀ-ਸੱਥ ਵਿਚੋਂ ਆਇਆ ਹਾਂ। ਉਥੇ ਬੈਠਕੇ ਦੇਸ-ਪਰਦੇਸ ਦੀਆਂ ਗਲਾਂ-ਬਾਤਾਂ ਕਰਕੇ ਦਿਨ ਟਪਾ ਲਈਦਾ ਹੈ। ਜੇ ਜਾਣਾ ਹੋਇਆ ਤਾਂ ਕਲ ਨੂੰ ਲੈ ਚਲਾਂਗਾ।"

ਅਗਲੇ ਦਿਨ ਦੋਹਾਂ ਨੇ ਕਾਮਰੇਡ ਨੂੰ ਜਾ ਫਤਹਿ ਬੁਲਾਈ। ਫਤਹਿ ਦਾ ਜਵਾਬ ਦਿੰਦੇ ਸਾਰ ਹੀ ਕਾਮਰੇਡ ਕਹਿਣ ਲੱਗਾ, "ਧੰਨ ਭਾਗ ਇਸ ਵਲੈਤੀ-ਸੱਥ ਵਿਚ ਇਕ ਹੋਰ ਮੈਂਬਰ ਦਾ ਵਾਧਾ ਹੋਇਆ ਹੈ।

"ਕਿਉਂ ਸਰਦਾਰੋ! ਥੋਨੂੰ ਵੀ ਥੋਡੇ ਮੁੰਡਿਆਂ ਕੁਝ ਚਿੱਠੀ-ਚੀਰੇ ਵਿਚ ਲਿਖਿਆ ਸੀ।" "ਬਾਪੂ ਜੀ ਦਿੱਲੀ ਚਲਣ ਤੋਂ ਪਹਿਲਾਂ ਚਾਦਰਾ ਨਹੀਂ ਪਜਾਮਾ ਪਾ ਲੈਣਾ। ਤੇ ਹੁਣ ਕਲ੍ਹ ਦੇ ਮੇਰੇ ਮਗਰ ਸਾਰਾ ਟੱਬਰ ਪਿਆ ਹੋਇਆ ਹੈ, ਚਲੋ ਬਾਪੂ ਜੀ ਨੂੰ ਕੋਟ-ਪਤਲੂਨ ਲੈ ਦੇਈਏ। ਸਾਰੀ ਉਮਰ ਸੱਥ ਵਿਚ ਬੈਠਕੇ ਲੰਘਦੇ ਕਰਦੇ ਪਾੜ੍ਹਿਆਂ ਨੂੰ ਟਿੱਚਰ ਕਰਦੇ ਸੀ, ਵੇਖ ਕਿਵੇਂ ਪਿਠ-ਘੁੱਟਣੀ ਜਿਹੀ ਪਾਈ ਜਾਂਦਾ ਹੈ ਮੈਂ ਤਾਂ ਘਰਦਿਆਂ ਨੂੰ ਨਾਂਹ ਕਰ ਦਿੱਤੀ ਗੁੱਸੇ ਰਹੋ ਜਾਂ ਨਾ ਰਹੋ ਤਾਂ ਮੈਨੂੰ ਦੇਸ ਵਾਪਸ ਘੱਲ ਦਿਓ, ਇਹ ਕੰਮ ਨਹੀਂ ਹੋਣਾ। ਟੱਟੀ ਪਸ਼ਾਬ ਵੇਲੇ ਉਹਦੇ ਬਟਨ ਖੁਲ੍ਹਣ ਜਾਂ ਨਾ ਖੁਲ੍ਹਣ, ਸਾਡਾ ਤਾਂ ਘਾਣ ਹੋ ਜੂ ਵਿਚੇ। ਇਨ੍ਹਾਂ ਢੇਡਾਂ ਨੂੰ ਕੋਈ ਪੁਛੇ ਜੇ ਨਾ ਪਾਵਾਂਗੇ ਤਾਂ ਸਾਨੂੰ ਇਥੋਂ ਕੋਈ ਕਢਦੂ।"

"ਤੁਹਾਨੂੰ ਆਇਆਂ ਨੂੰ ਕਿੰਨ੍ਹੇ ਕੁ ਦਿਨ ਹੋ ਗਏ।"

"ਇਹ ਪੁੱਛੋ ਪਿਛਾਂਹ ਨੂੰ ਕਦੋਂ ਮੁੜਨਾ ਹੈ। ਸਾਡੇ ਜੁਆਕ ਤਾਂ ਮੇਰੇ ਵਲ ਵੇਖ ਵੇਖ ਹੱਸਦੇ ਹੀ ਬਲਾ ਹੈ। ਤੇ ਗਟ ਗਟ ਕਰਕੇ ਕਹਿੰਦੇ ਵੀ ਹਨ ਜਿਹੜਾ ਮੇਰੇ ਤਾਂ ਸਮਝ ਨਹੀਂ ਪੈਂਦਾ। ਚਲੋ ਛੱਡੋ ਘਰ ਦੀਆਂ ਗਲਾਂ; ਤੇ ਇਹ ਹੈ ਤੁਹਾਡਾ ਵਲੈਤੀ-ਸੱਥ। ਇਹ ਤਾਂ ਬਗੀਚੀ ਜੀ ਲਗਦੀ ਹੈ।

"ਇਥੇ ਇਸਨੂੰ ਪਾਰਕ ਕਹਿੰਦੇ ਹਨ।"

"ਤੁਹਾਡਾ ਕੀ ਹੈ, ਤੁਸੀਂ ਗਰੇਜੀ ਵਿਚ ਜੋ ਮਨ ਆਵੇ ਕਹੋ ਤੇ ਹੈ ਇਹ ਬਗੀਚੀ ਹੀ।"

"ਤੁਸੀਂ ਕੋਈ ਪੰਜਾਬ ਦੀ ਗਲ ਸੁਣਾਉ, ਉਥੋਂ ਨਵੇਂ ਨਵੇਂ ਆਏ ਹੋ।"

"ਮੈਨੂੰ ਹਲ ਵਾਹ ਨੂੰ ਕੀ ਪਤਾ ਹੈ ਪੰਜਾਬ ਦੀਆਂ ਖਬਰਾਂ ਦਾ। ਮੈਂ ਤਾਂ ਇਨ੍ਹਾਂ ਹੀ ਦੇਖਿਆ ਹੈ ਕਿ ਸਾਲੀ ਮਰੀ-ਮਿਲਟਰੀ ਜੀ ਹਾਲੇ ਵੀ ਪਿੰਡਾਂ ਵਿਚ ਹਰਲ ਹਰਲ ਕਰਦੀ ਫਿਰਦੀ ਹੈ। ਸੁਣਦੇ ਇਹ ਹੁੰਦੇ ਸੀ ਕਿ ਫੌਜਾਂ ਮੁਲਖ ਦੀਆਂ ਹੱਦਾਂ ਤੇ ਹੁੰਦੀਆਂ ਹਨ। ਇਹ ਗਣੀ ਖਾਂ ਦੇ ਸਾਲੇ ਪਿੰਡਾਂ ਵਿਚ ਦਿਨੇਂ ਰਾਤ ਲੈਫਟ ਰੈਟ ਕਰਦੇ ਫਿਰਦੇ ਹਨ। ਕੁੜੀਆਂ ਬੁੜੀਆਂ ਦਾ ਬਾਹਰ ਜੰਗਲਪਾਣੀ ਜਾਣਾ ਦੁੱਭਰ ਕੀਤਾ ਹੋਇਆ ਹੈ। ਜਦੋਂ ਹੱਦਾਂ ਤੇ ਜੰਗਾਂ ਲਗੀਆਂ ਸਨ ਤਾਂ ਇਨ੍ਹਾਂ ਹੀ ਧੀਆਂ-ਭੈਣਾਂ ਨੇ ਚਾਵਾਂ-ਮਲਾਰਾਂ ਨਾਲ ਰੋਟੀਆਂ ਪਕਾ ਪਕਾ ਕੇ ਅਸੀਂ ਬਾਘੇ ਪਹੁੰਚਦੀਆਂ ਕਰਦੇ ਰਹੇ ਸੀ। ਸਾਡੇ ਫੌਜੀ ਜੁਆਨ ਹੱਦਾਂ ਦੀ ਰਖਵਾਲੀ ਲਈ ਲੜ ਰਹੇ ਹਨ। ਇਹੋ ਧੀਆਂ-ਭੈਣਾਂ ਇਨ੍ਹਾਂ ਨੂੰ ਹੁਣ ਕੰਜਰ ਤੋਂ ਘੱਟ ਨਹੀਂ ਕੂੰਦੀਆਂ। ਪਿੰਡ ਦੀਆਂ ਸੱਥਾਂ ਵਿਚ ਹੁਣ ਤਾਂ ਗਰੇਜੀ ਪੰਜਾਬੀ ਦੀਆਂ ਖਬਾਰਾਂ ਜਣਾ ਖਣਾ ਹੀ ਪੜ੍ਹਦਾ ਹੈ। ਸਭ ਨੂੰ ਪੜ੍ਹ ਕੇ ਉਚੀ ਉਚੀ ਦੱਸਿਆ ਜਾਂਦਾ ਹੈ ਕਿ ਫਲਾਣੇ ਥਾਂ ਕਿੰਨੇ ਮਰੇ, ਤੇ ਨੱਕਿਆਂ ਨੂੰ ਹੀ ਮਿਲਟਰੀ ਫੜ ਫੜ ਅੰਦਰ ਕਰੀ ਜਾਂਦੀ ਹੈ। ਪੰਜ-ਦਸ ਹਜ਼ਾਰ ਰੁਪੇ ਵਟੋਰਕੇ ਜੁਆਨ ਨੂੰ ਛੱਡ ਦਿੰਦੇ ਹੈ। ਜਦੋਂ ਫੜਨ ਆਉਂਦੇ ਹੈ, ਸਾਰੇ ਟੱਬਰ ਨੂੰ ਗਦੀ-ਗੇੜ ਵਿਚ ਪਾ ਕੇ ਪੁੱਛਦੇ ਕਿੱਥੇ ਆ ਤੁਹਾਡਾ ਅਤਿਵਾਦੀਆ। ਤੁਹਾਡਾ ਮੁੰਡਾ ਮੁਲਖ ਲਈ ਖਤਰਨਾਕ ਹੈ। ਜਿਸ ਘਰ ਨੇ ਮਿਲਟਰੀ ਵਾਲਿਆਂ ਦਾ ਪੈਸਿਆਂ ਨਾਲ ਮੂੰਹ ਬੰਦ ਕਰ ਦਿਤਾ ਉਸਦੇ ਜੁਆਨ ਨੂੰ ਤੱਤੀ ਵਾ ਨਹੀਂ ਲਗਦੀ, ਦੂਸਰਿਆਂ ਦੀਆਂ ਲੱਤਾਂ-ਬਾਹਾਂ ਭੰਨਕੇ ਸਾਰੀ ਉਮਰ ਦੇ ਰੋਗੀ ਬਣਾ ਦਿੰਦੇ ਹਨ - ਕਈਆਂ ਨੂੰ ਤਾਂ ਉਂਈ ਖਪਾ ਹੀ ਦਿਤਾ। ਸਾਡੇ ਪਿੰਡ ਦਾ ਸਰਪੰਚ ਵੀ ਭੈਣ ਆਪ ਦੀ ਦਾ ਦੁੱਗ ਹੈ, ਉਹ ਮਿਲਟਰੀ ਆਲਿਆਂ ਨਾਲ ਮਿਲਿਆ ਹੋਇਆ ਹੈ। ਪਿੰਡ ਦੀ ਮੋਟੀ ਸਾਮੀ ਭਾਲਕੇ ਉਨ੍ਹਾਂ ਦੇ ਜੁਆਨ ਦੇ ਜਾਹਲੀ ਸੰਮਣ ਲੈ ਦਰਵਾਜਾ ਭੰਨਣਾ ਸ਼ੁਰੂ ਕਰ ਦਿੰਦੇ ਹਨ — ਜਦੋਂ ਰੋਕੜਾ ਹਰਾਮਖੋਰਾਂ ਦੇ ਹੱਥ ਧਰ ਦਿਤਾ ਜਾਂਦਾ ਤਾਂ ਫਿਰ ਜੁਆਨ ਨੂੰ ਕੋਈ ਉਏ ਵੀ ਨਹੀਂ ਕਹਿੰਦਾ। ਬਸ ਮੈਨੂੰ ਤਾਂ ਏਨੀਆਂ ਕੁ ਖਬਰਾਂ ਦਾ ਹੀ ਪਤਾ ਹੈ।

ਹਾਂ! ਸੱਚ ਸਾਡੇ ਪਿੰਡ ਦੇ ਅਰਜਨ ਅਮਲੀ ਨੇ ਮੈਨੂੰ ਆਉਣ ਲਗੇ ਨੂੰ ਕਿਹਾ ਸੀ, "ਲੱਖ ਕੈਨੇਡਾ ਚਲਿਆ ਹੈਂ, ਪਰ ਤੂੰ ਆ ਜਿਹੜੇ ਖੁੰਡ ਪਰਧਾਨ ਸੱਥ ਵਿਚ ਛਡ ਚਲਿਆਂ ਹੈਂ, ਇਹ ਉਥੇ ਨੀ ਮਿਲਣੇ।" ਮੈਨੂੰ ਤਾਂ ਉਸਦੀ ਗਲ ਸੌ-ਵਿਸਵੇ ਸੱਚੀ ਲਗਦੀ ਹੈ। ਉਨ੍ਹਾਂ ਸੱਥਾਂ ਵਿਚ ਬੈਠਕੇ ਆਪਣੇ ਜੁਆਨੀ ਦੇ ਦਿਨ ਕਟੇਆ। ਮੇਲੇ ਜਾਣ ਵੇਲੇ ਪਹਿਲਾਂ ਹੀ ਬੋਥੇ ਨੂੰ ਸੂਲੀ ਤੇ ਚੜ੍ਹਾ ਦੇਈਦਾ ਸੀ। ਮੇਰਾ ਚਾਦਰਾ ਕੁੜਤਾ ਤੇ ਪੱਗ ਧੋ ਕੇ ਟਿਚਣ ਕਰ ਰਖੀਂ ਤੇ ਤਿੱਲੇ ਵਾਲੀ ਜੁੱਤੀ ਜਿਹੜੀ ਸਾਂਭ ਕੇ ਸੰਦੂਕ ਵਿਚ ਰਖੀ ਹੁੰਦੀ ਸੀ ਮੇਲੇ -ਮਸਾਣਿਆਂ ਤੇ ਹੀ ਪਾਈਦੀ ਸੀ ਜਾਂ ਕਿਸੇ ਦੇ ਵਿਆਹ ਤੇ। ਕੌਣ ਨੀ ਜਾਣਦਾ ਜਗਰਾਵਾਂ ਦੀ ਰੋਸ਼ਨੀ, ਮਾੜੀ ਦਾ ਮੇਲਾ, ਮੁਕਤਸਰ ਤੇ ਛਪਾਰ ਦੇ ਮੇਲਿਆਂ ਨੂੰ। ਢਾਡੀਆਂ ਦੀਆਂ ਉਚੀਆਂ ਉਚੀਆਂ ਹੇਕਾਂ, ਸੁਣਕੇ ਜਣੀ ਰੰਗ ਹੀ ਬੱਝ ਜਾਂਦਾ ਸੀ। ਰੱਥਾਂ ਦੀ ਦੌੜ, ਮੁਗਦਰ ਚੁੱਕਣਾ ਤੇ ਉਹ ਮੇਲਾ ਹੀ ਕਿਹਾ ਜਿਸ ਵਿਚ ਕਬੱਡੀ ਦੀ ਖੇਡ ਨਾ ਹੋਵੇ। ਪੁਰਾਣੇ ਖਿਡਾਰੀਆਂ ਵਿਚੋਂ ਰਾਜਿਆਣੇ ਦਾ ਬਿਲੂ, ਮਦੋਕਿਆਂ ਦਾ ਮੱਲ, ਸਵੱਦੀ ਦਾ ਛੋਟੂ, ਮਾਝੇ ਦਾ ਤੋਖੀ, ਤੇ ਢੁਡੀਕਿਆਂ ਦਾ ਮੀਤੋ ਉਸ ਵੇਲੇ ਚੋਟੀ ਦੇ ਖਿਡਾਰੀ ਸਨ। ਮੇਲਿਆਂ ਵਿਚ ਝੰਡੀ ਫੇਰਨੀ ਆਮ ਹੀ ਸੀ। ਜੇ ਕੋਈ ਝੰਡੀ ਫੜ ਲਏ ਤਾਂ ਫਿਰ ਉਨ੍ਹਾਂ ਵਿਚਾਲੇ ਸਾਹਨਾਂ ਦਾ ਭੇੜ ਹੁੰਦਾ ਸੀ। ਸਾਰੀ ਖੇਡ ਸਫਾਈ ਦੀ ਹੁੰਦੀ ਸੀ। ਜੇਤੂ ਚੋਬਰ ਭਰੇ ਇਕੱਠ ਵਿਚ ਗੇੜਾ ਦਿੰਦਾ ਤੇ ਲੋਕ ਚੋਬਰ ਨੂੰ ਤਿਲ ਫੁਲ ਦੇ ਕੇ ਹਲਾਸ਼ੇਰੀ ਦਿੰਦੇ ਤਾਂ ਇਹੋ ਕਹਿੰਦੇ ਆਉਂਦੇ ਸਾਲ ਨੂੰ ਹੋਰ ਦੁੱਧ ਘਿਓ ਖਾ ਕੇ ਆਵੀਂ। ਕੀ ਇਥੇ ਵੀ ਇਹੋ ਜੇਹਾ ਰੰਗ ਬੱਝਦਾ ਹੈ?

ਨਵੇਂ ਆਏ ਬਜ਼ੁਰਗ ਨੇ ਪੁੱਛਣ ਦੇ ਲਹਿਜੇ ਵਿਚ ਸੁਆਲ ਕੀਤਾ।

"ਇਥੇ ਮੇਲੇ ਵੱਡੀਆਂ ਵੱਡੀਆਂ ਨੀਲੇ ਪਾਣੀ ਦੀਆਂ ਝੀਲਾਂ ਦੇ ਕਿਨਾਰਿਆਂ ਤੇ ਲਗਦੇ ਹਨ। ਉਥੇ ਦੂਰ ਦੂਰ ਤੋਂ ਖਿਡਾਰੀ ਪਹੁੰਚਦੇ ਹਨ। ਪਤਾ ਉਹ ਖਿਡਾਰੀ ਕੌਣ ਹਨ, ਅੱਧੀਆਂ ਨੰਗੀਆਂ ਗੋਰੀਆਂ ਤੇ ਗੋਰੇ, ਤੁਹਾਨੂੰ ਲੈ ਚੱਲਾਂਗੇ ਵੇਖ ਲੈਣਾ ਇਸ ਬੇਸ਼ਰਮ ਜਾਤ ਨੂੰ।"

(ਬਾਕੀ ਪੰਨਾ 11 ਤੇ)

ਸਾ ਹਿ ਤ ਦ ਰ ਪ ਣ

ਪੁਸਤਕ ਰੀਵੀਊ:
ਕਤਲਗਾਹ

ਲੇਖਕ : ਗੁਰਚਰਨ ਰਾਮਪੁਰੀ
ਸਫੇ 106, ਮੁੱਲ : ਪੇਪਰ ਬੈਕ : 8 ਰੁਪਏ, ਜਿਲਦ ਵਾਲੀ : 25 ਰੁਪਏ
ਪ੍ਰਕਾਸ਼ਕ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ

'ਕਤਲਗਾਹ' ਪੰਜਾਬੀ ਕਵੀ ਗੁਰਚਰਨ ਰਾਮਪੁਰੀ ਦਾ ਛੇਵਾਂ ਨਵਾਂ ਕਾਵਿ ਸੰਗ੍ਰਹਿ ਹੈ। ਪੁਸਤਕ ਗੁਰੂ ਗੋਬਿੰਦ ਸਿੰਘ ਦੀ ਰਚਨਾ ਵਿਚੋਂ ਲਈਆਂ ਗਈਆਂ ਕੁਝ ਤੁਕਾਂ ਨਾਲ ਆਰੰਭ ਹੁੰਦੀ ਹੈ :

"ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ, ਕੋਊ ਜਤੀਅਨ ਮਾਨਬੋ।
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।

ਇਸ ਪਿਛੋਂ ਲੇਖਕ ਦੀ ਆਪਣੀ ਆਰੰਭਕ ਕਵਿਤਾ ਆਉਂਦੀ ਹੈ :

ਗਿਆਨ ਦੇ ਭੰਡਾਰ ਤੋਂ ਅਗਿਆਨ ਤੱਕ ਪਹੁੰਚੇ ਅਸੀਂ
ਇਸੇ ਲਈ 'ਨੰਦ ਲਾਲ' ਅਜ ਦਰਬਾਰ ਵਿਚ ਸਜਿਆ ਨਹੀਂ
ਸੜਕ ਦੀ ਹਿੱਕ ਤੇ ਪਿਆ ਆਪਣੇ ਲਹੂ ਵਿਚ ਤੜਪਦਾ।

ਇਹਨਾਂ ਸਤਰਾਂ ਰਾਹੀਂ ਲੇਖਕ ਦੱਸਣਾ ਚਾਹੁੰਦਾ ਹੈ ਕਿ ਜਿਸ ਗੁਰੂ ਨੇ ਹਿੰਦੂ, ਮੁਸਲਮਾਨਾਂ ਤੇ ਹੋਰਾਂ ਧਰਮਾਂ ਦੇ ਮਨੁੱਖਾਂ ਨੂੰ ਇਕੋ ਪੱਧਰ ਦੇ ਇਨਸਾਨਾਂ ਦਾ ਦਰਜਾ ਦਿਤਾ, ਉਸ ਦੇ ਅਗਿਆਨੀ ਪੈਰੋਕਾਰਾਂ ਹੱਥੋਂ ਅੱਜ "ਨੰਦ ਲਾਲ" ਜਿਹੇ ਕਵੀ ਘਾਇਲ ਹੋ ਰਹੇ ਹਨ। ਇਸ਼ਾਰਾ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਤੋਂ ਆਏ ਰਾਜਸੀ ਸੰਕਟ ਵੱਲ ਹੈ ਅਤੇ ਏਹ ਸੰਕਟ ਹੀ ਇਸ ਪੁਸਤਕ ਦੀ ਰਚਨਾ ਦਾ ਮੁਖ ਪ੍ਰੇਰਣਾ-ਸ੍ਰੋਤ ਹੈ। ਪੰਜਾਬ ਲੇਖਕ ਦੀ ਜਨਮ ਭੂਮੀ ਹੈ ਜਿਸ ਤੋਂ ਵਿਛੜਿਆਂ ਭਾਵੇਂ ਉਸਨੂੰ ਦੋ ਦਹਾਕੇ ਹੋ ਚੁਕੇ ਹਨ ਪਰ ਆਪਣੀ ਮਿਟੀ ਦਾ ਉਸਦਾ ਮੋਹ ਅਜੇ ਤੱਕ ਬਰਕਰਾਰ ਹੈ। ਪੰਜਾਬ ਵਿਚ ਡੁਲ੍ਹੇ ਖੂਨ ਦੇ ਛਿੱਟੇ ਸਮੁੰਦਰੋਂ ਪਾਰ ਵਿਦੇਸ਼ਾਂ ਵਿਚ ਵੀ ਪਏ ਹਨ। ਪੰਜਾਬ ਵਿਚ ਹਿੰਦੂ-ਸਿੱਖ ਰਿਸ਼ਤੇ ਨੂੰ ਜ਼ਿਬਹ ਕਰ ਰਹੀ ਤਲਵਾਰ ਨਾਲੋ ਨਾਲ ਵਿਦੇਸ਼ਾਂ ਦੇ ਪੰਜਾਬੀ ਲੋਕਾਂ ਦੇ ਆਪਸੀ ਰਿਸ਼ਤੇ ਉਤੇ ਵੀ ਚੱਲੀ ਹੈ। ਇਸ ਦਾ ਅਸਰ ਪੰਜਾਬ ਵਾਂਗ ਵਿਦੇਸ਼ਾਂ ਵਿਚਲੇ ਪੰਜਾਬੀ ਲੇਖਕਾਂ ਉਤੇ ਵੀ ਡੂੰਘਾ ਪਿਆ ਹੈ। ਵਿਦੇਸ਼ਾਂ ਵਿਚਲੇ ਪੰਜਾਬੀ ਲੇਖਕਾਂ ਨੂੰ ਖਾਮੋਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਅਸਲ ਵਿਚ ਇਹ ਰਾਜਸੀ ਅਤੇ ਧਾਰਮਿਕ ਅਰਾਜਕਤਾ ਵਾਲੇ ਹਾਲਾਤ ਲੇਖਕਾਂ ਲਈ ਇਕ ਵੰਗਾਰ ਸਨ। ਲੇਖਕ ਜਾਂ ਤਾਂ ਆਪਣੀ ਜ਼ਮੀਰ ਵੇਚ ਕੇ ਧਾਰਮਿਕ ਜਨੂਨੀਆਂ ਦਾ ਸਾਥ ਦਿੰਦੇ, ਜ਼ਮੀਰ ਉਤੇ ਪੱਥਰ ਰੱਖ ਕੇ ਖਾਮੋਸ਼ ਹੋ ਜਾਂਦੇ ਜਾਂ ਫਿਰ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਧੱਕੇ ਅਤੇ ਬੇਇਨਸਾਫੀ ਦੇ ਖਿਲਾਫ ਆਵਾਜ਼ ਬੁਲੰਦ ਕਰਦੇ। ਗੁਰਚਰਨ ਰਾਮਪੁਰੀ ਉਹਨਾਂ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਕਿਸੇ ਡਰ ਜਾਂ ਦਬਾਅ ਥੱਲੇ ਆਪਣੀ ਜ਼ੁਬਾਨ ਬੰਦ ਨਹੀਂ ਕੀਤੀ। ਕੈਨੇਡਾ ਵਿਚਲੇ ਲੇਖਕਾਂ ਵਿਚੋਂ ਗੁਰਚਰਨ ਰਾਮਪੁਰੀ ਨੂੰ ਖਾਮੋਸ਼ ਨਾ ਰਹਿਣ ਲਈ ਸ਼ਾਇਦ ਸਭ ਤੋਂ ਵੱਧ ਕੀਮਤ ਤਾਰਨੀ ਪਈ, ਇਥੋਂ ਤੱਕ ਕਿ ਜਿਸਮਾਨੀ ਹਮਲਿਆਂ ਦਾ ਵੀ ਸਾਹਮਣਾ ਕਰਨਾ ਪਿਆ। ਏਸੇ ਲਈ ਉਸਦੀਆਂ ਕਵਿਤਾਵਾਂ ਧਾਰਮਿਕ ਅਤੇ ਰਾਜਸੀ ਅਰਾਜਕਤਾ ਵਿਰੁੱਧ ਸ਼ਕਤੀਸ਼ਾਲੀ ਆਵਾਜ਼ ਉਚੀ ਕਰਦੀਆਂ ਹਨ :

"ਮੈਂ ਸਰਕਾਰੀ ਹਿਟ ਲਿਸਟ ਤੇ
ਅਤੇ ਵਿਰੋਧੀ-ਧਿਰ ਦੀ ਹਿਟ ਲਿਸਟੇ ਵੀ
ਕਿਉਂਕਿ ਕੁਰਸੀਬਾਜ਼ ਇਹ ਦੋਵੇਂ
ਮੇਰੀ ਕਾਨੀ ਦੀ ਹਿੱਟ ਲਿਸਟੇ ਚੜ੍ਹੇ ਹੋਏ ਹਨ।"

....

"ਤੁਸੀਂ ਤਾਂ ਗੱਦੀਓਂ ਉਰ੍ਹਾਂ ਹੀ ਜਬਰ ਦੇ ਰਾਹ ਪੈ ਗਏ ਹੋ
ਜਦੋਂ ਕਲਗੀ ਸਜ ਗਈ ਤਾਂ ਕੀ ਕਰੋਗੇ ?"

ਲੇਖਕ ਦੀ ਕਲਮ ਦੀ ਹਿੱਟ ਲਿਸਟ ਉਤੇ ਅਜਿਹੇ ਅਖੌਤੀ ਲੀਡਰ ਵੀ ਚੜ੍ਹੇ ਹੋਏ ਹਨ ਜੋ ਆਪ ਤਾਂ ਵਿਦੇਸ਼ਾਂ ਵਿਚ ਸੁਰੱਖਿਅਤ ਅਤੇ ਐਸ਼ ਦਾ ਜੀਵਨ ਜਿਉਂ ਰਹੇ ਹਨ ਪਰ ਦੇਸ ਵਿਚਲੇ ਲੋਕਾਂ ਨੂੰ ਉਕਸਾ ਕੇ ਗੁਮਰਾਹ ਕਰ ਰਹੇ ਹਨ।

"ਈਰਾਨੀ ਕਾਲੀਨਾ ਵਾਲੇ ਨਿਘੇ ਘਰ ਤੇ ਲੰਮੀਆਂ ਕਾਰਾਂ
ਸ਼ੈਂਚ ਨਸ਼ੀਲੀ ਜੇਬ ਸੁਨਹਿਰੀ, ਸਾਥ ਹੁਸਨ ਦਾ
ਮੱਧਮ ਨੂਰ 'ਚ ਡੁੱਬੀ ਆਥਣ
ਸੱਤ ਸਮੁੰਦਰਾਂ ਦੀ ਰੱਖਿਆ ਵਿੱਚ
ਬਹਿ ਕੇ ਸਾਡੇ ਸੀਨੇ ਸੱਲੋ
ਸਾਨੂੰ ਤੱਤੀਆਂ ਗੱਲਾਂ ਘੱਲੋ।"

ਗੁਰਚਰਨ ਨੇ ਜਿੱਥੇ ਧਾਰਮਿਕ ਜਨੂਨ ਦੇ ਵਿਰੋਧ ਵਿਚ ਕਵਿਤਾਵਾਂ ਲਿਖੀਆਂ ਹਨ ਓਥੇ ਸੱਤਾ ਦੇ ਭੁੱਖੇ ਸਵਾਰਥੀ ਰਾਜਸੀ 'ਨੇਤਾਵਾਂ' ਦਾ ਖੰਡਨ ਵੀ ਓਸੇ ਸ਼ਕਤੀਸ਼ਾਲੀ ਸੁਰ ਵਿਚ ਕੀਤਾ ਹੈ :

"ਸੀ ਤਜੌਰੀ ਦੇ ਲਈ ਕੁਰਸੀ ਸੰਭਾਲੀ
ਹੁਣ ਤਜੌਰੀ ਵਰਤ ਕੇ ਕੁਰਸੀ ਬਚਾਓ
ਮੇਰੀ ਕੁਰਸੀ ਤੇ ਸੁਨਹਿਰੀ ਗੁਦਗੁਦੀ ਮਖਮਲ ਚੜ੍ਹਾਓ।"

ਗੁਰਚਰਨ ਨੇ ਇਸ ਪੁਸਤਕ ਵਿਚ ਕੁੱਝ ਹੋਰ ਵਿਸ਼ਿਆਂ ਉਤੇ ਲਿਖੀਆਂ ਕਵਿਤਾਵਾਂ ਵੀ ਸ਼ਾਮਲ ਕੀਤੀਆਂ ਹਨ ਜਿਨ੍ਹਾਂ ਨਾਲ ਪੁਸਤਕ ਵਿਚੋਂ ਪਰਧਾਨ ਸੁਰ ਤੋਂ ਭਿੰਨ ਕੁੱਝ ਹੋਰ ਸੁਰਾਂ ਵੀ ਉਭਰਦੀਆਂ ਹਨ ਅਤੇ ਪੁਸਤਕ ਨੂੰ ਵਧੇਰੇ ਰੌਚਕ ਬਣਾਉਂਦੀਆਂ ਹਨ।

ਇਕ ਗੱਲ ਜੋ ਪੁਸਤਕ ਪੜ੍ਹਨ ਸਮੇਂ ਰੜਕਦੀ ਹੈ ਉਹ ਲੇਖਕ ਦਾ ਅੰਦਾਜ਼ ਹੈ। ਜੇ ਧਾਰਮਿਕ ਅਤੇ ਰਾਜਸੀ ਅਰਾਜਕੀਆਂ ਨੇ ਆਪਣੇ ਸਵਾਰਥ ਲਈ ਤਲਵਾਰ ਚੁੱਕੀ ਹੈ ਤਾਂ ਲੇਖਕ ਨੇ ਵੀ ਪ੍ਰਤਿਕਰਮ ਵਜੋਂ ਕਲਮ ਨੂੰ ਤਲਵਾਰ ਵਾਂਗ ਵਰਤਿਆ ਹੈ। ਕਵਿਤਾਵਾਂ ਵਿਚੋਂ ਵੰਗਾਰ, ਹਮਲਾ, ਦੂਸ਼ਣਬਾਜੀ, ਬਾਰ ਬਾਰ ਉਠੇ ਸੁਰ ਵਿਚ ਉਭਰਦੇ ਹਨ ਜਿਨ੍ਹਾਂ ਨਾਲ ਕਾਫੀ ਕਵਿਤਾਵਾਂ ਵਿਚ ਸਤੱਈਪਨ ਆ ਗਿਆ ਹੈ। ਓਥੇ ਲੇਖਕ ਦਾ ਅੰਦਾਜ਼ ਕਲਾਕਾਰ ਅਤੇ ਦਰਸ਼ਨੀ ਵਾਲਾ ਘੱਟ ਅਤੇ ਰਾਜਸੀ ਬੁਲਾਰੇ ਵਾਲਾ ਵਧੇਰੇ ਪਰਤੀਤ ਹੁੰਦਾ ਹੈ।

ਕਲਮ ਤਾਂ ਕਲਮ ਰਹਿ ਕੇ ਹੀ ਤਲਵਾਰ ਨਾਲੋਂ ਵੱਧ ਸ਼ਕਤੀਸ਼ਾਲੀ ਬਣ ਸਕਦੀ ਹੈ। ਇਹਨਾਂ ਰੌਲੇ ਰੱਪੇ ਅਤੇ ਲਾਲੋ ਲਾਲ ਵਿਸ਼ਿਆਂ ਦੀ ਤਹਿ ਥੱਲੇ ਪੰਜਾਬ ਦੇ ਸਭਿਆਚਾਰ ਦੀ ਮਹਾਨ ਟ੍ਰੈਜਿਡੀ ਹੈ, ਲੋਕਾਂ ਦਾ ਡੂੰਘਾ ਦੁਖ ਦਰਦ ਹੈ, ਜ਼ਖਮੀ ਹੋਈਆਂ ਧਾਰਮਿਕ ਭਾਵਨਾਵਾਂ ਹਨ, ਵਿਧਵਾਵਾਂ ਦੇ ਹੌਕੇ ਹਨ, ਰੂਹਾਂ ਵਾਂਗ ਭਟਕਦੇ ਬੱਚੇ ਹਨ ਤੇ ਹੋਰ ਕਿੰਨਾ ਕੁਝ। ਇੱਕ ਲੇਖਕ ਤੋਂ ਅਸੀਂ ਉਮੀਦ ਰਖਦੇ ਹਾਂ ਕਿ ਉਹ ਘਟਨਾਂਵਾਂ ਨੂੰ ਕੇਵਲ ਉਪਰੋਂ ਉਪਰੋਂ ਹੀ ਨਾ ਵੇਖੇ, ਸਗੋਂ ਓਹਨਾਂ ਦੇ ਥੱਲੇ ਛੁਪੇ ਤੱਤਾਂ ਨੂੰ ਵੀ ਫੋਲੇ, ਜੋਸ਼ ਓਹਲੇ ਵਿਚਰਦੀਆਂ ਭਾਵਨਾਵਾਂ ਨੂੰ ਵੀ ਪਛਾਣੇ, ਅਤੇ ਆਪਣੀ ਕਲਾ ਅਤੇ ਕਰਾਫਟ ਨਾਲ ਕੋਈ ਅਜਿਹੀ ਸੰਵੇਦਨਾਸ਼ੀਲ ਰਚਨਾ ਕਰੇ ਜੋ ਇਕ ਰਾਜਸੀ ਬੁਲਾਰੇ ਦੇ ਬੋਲਾਂ ਨਾਲੋਂ ਵਧੇਰੇ ਸਦੀਵੀ ਅਤੇ ਡੂੰਘੀ ਹੋਵੇ, ਸੱਚ ਦੇ ਵਧੇਰੇ ਨੇੜੇ ਹੋਵੇ। ਕੁਝ ਕਵਿਤਾਵਾਂ ਵਿਚ ਅਜਿਹੀ ਰਚਨਾ ਦੀ ਝਲਕ ਪੈਂਦੀ ਹੈ :

"ਏਸ ਸ਼ਹਿਰ ਵੀ ਮੈਂ ਮਰਿਆ ਹਾਂ, ਦੂਜੇ ਵੀ
ਲਾਸ਼ ਮਿਰੀ ਸੜਕੇ ਵੀ ਰੁਲੀ, ਸਰੋਵਰ ਵੀ।"

....

ਆਦਮੀਂ ਅੰਬਰ ਨੂੰ ਮੁੜ ਮੁੜ ਪੁੱਛਦਾ,
ਸਾਉਣ ਦੇ ਬੱਦਲ ਨੂੰ ਜਿੱਥੇ ਅੱਗ ਲੱਗੀ,
ਜਿਦ੍ਹੇ 'ਚੋਂ ਕੇਵਲ ਲਹੂ ਹੀ ਬਰਸਦਾ।
ਆਦਮੀਂ ਅੰਬਰ ਨੂੰ ਮੁੜ ਮੁੜ ਪੁੱਛਦਾ,
ਪੁਛਦੈ ਅਪਣਾ ਕਸੂਰ,
ਕੋਈ ਵੀ ਉੱਤਰ ਨਹੀਂ ਹੈ ਔਹੁੜਦਾ।

ਕਾਵਿ ਕਲਾ ਵੱਲ ਵੀ ਇਸ ਪੁਸਤਕ ਵਿਚ ਗੁਰਚਰਨ ਨੇ ਬਹੁਤਾ ਧਿਆਨ ਨਹੀਂ ਦਿਤਾ ਜਾਪਦਾ। ਬਹੁਤੀਆਂ ਕਵਿਤਾਵਾਂ ਵਿੱਚ ਉਹ ਇਕੋ ਹੀ ਮੁਹਾਵਰੇ ਅਤੇ ਸ਼ੈਲੀ ਨਾਲ ਬੋਲਦਾ ਪਰਤੀਤ ਹੁੰਦਾ ਹੈ। ਉਸਦੀ ਅੱਖ ਨਵੇਂ ਨਕੋਰ ਰੂਪ ਉਜਾਗਰ ਕਰਨ ਲਈ ਸੱਚ ਦੇ ਬਹੁ-ਵਿਸ਼ਾ ਅਤੇ ਬਹੁ-ਦਿਸ਼ਾਵੀ ਪੁਲਾੜਾਂ ਵਿਚ ਨਹੀਂ ਘੁੰਮਦੀ, ਨਾ ਹੀ ਉਸਦੀ ਕਲਪਨਾ ਨਵੇਂ ਪਰਤੀਕਾਂ, ਨਵੇਂ ਬਿੰਬਾਂ ਅਤੇ ਨਵੇਂ ਅਲੰਕਾਰਾਂ ਦੀ ਤਲਾਸ਼ ਵਿਚ ਤੀਬਰਤਾ ਨਾਲ ਉਡਾਰੀਆਂ ਮਾਰਦੀ ਹੈ। ਰਚਨਾ ਦੀ ਿ.ੰਰਚਨਾ ਸਵਾਰਨ ਵਲੋਂ ਉਸਦਾ ਮਨ ਕੁੱਝ ਅਵੇਸਲਾ ਜਾਪਦਾ ਹੈ।

ਪਰ ਇਸਦਾ ਇਹ ਭਾਵ ਨਹੀਂ ਕਿ ਗੁਰਚਰਨ ਕਵਿਤਾ ਦੀ ਕਲਾ ਅਤੇ ਕਰਾਫਟ ਤੋਂ ਅਣਜਾਣ ਹੈ। ਉਹ ਆਪਣੀਆਂ ਪਹਿਲੀਆਂ ਪੁਸਤਕਾਂ ਵਿਚ ਆਪਦੀ ਕਾਵਿਕਲਾ ਦੀ ਨਿਪੁੰਨਤਾ ਸਦਕਾ ਪੰਜਾਬੀ ਕਵਿਤਾ ਵਿਚ ਇੱਕ ਵਿਸ਼ੇਸ਼ ਸਥਾਨ ਬਣਾ ਚੁੱਕਾ ਹੈ। ਇਸ ਪੁਸਤਕ ਵਿਚ ਵੀ ਉਸਨੇ ਮੁਖ ਵਿਸ਼ੇ ਤੋਂ ਪਾਸੇ ਹਟ ਕੇ ਜੋ ਕਵਿਤਾਵਾਂ ਲਿਖੀਆਂ ਹਨ ਉਹਨਾ ਵਿਚੋਂ ਉਸਦੀ ਮਾਂਜੀ ਹੋਈ ਕਾਵਿਕਲਾ ਪ੍ਰਤੱਖ ਦਿਸਦੀ ਹੈ। "ਤਿਲਕੇ ਛਿਣਾਂ ਦੀ ਦਾਸਤਾਨ" ਇਸ ਪੱਖੋਂ ਇਕ ਖੂਬਸੂਰਤ ਨਜ਼ਮ ਹੈ :

"ਕਿਰ ਗਿਆ, ਮੁੱਠੀ 'ਚੋਂ ਰੇਤਾ,
ਰਹਿ ਗਿਆ ਹੱਥੀਂ ਸਿਰਫ ਲੀਕਾਂ ਦਾ ਜਾਲ।
ਮਨ ਦਾ ਅੰਬਰ ਸਿਮਰਤੀ ਦੀ ਕਹਿਕਸ਼ਾਂ
ਪਕੜ 'ਚੋਂ ਤਿਲਕੇ ਅਨੇਕਾਂ ਹੀ ਛਿਣਾਂ ਦੀ ਦਾਸਤਾਨ,
ਹਿਰਨ ਸੋਨੇ ਦੇ ਸਭੇ ਪਗਡੰਡੀਆਂ ਤੇ ਚੁੰਗੀਆਂ ਭਰਦੇ ਮਿਲੇ।"

ਇਸੇ ਤਰ੍ਹਾਂ

"ਜਦ ਓਹ ਕੁੜੀ ਕਤਲ ਹੋਈ ਸੀ
ਐਨ ਓਦੋਂ ਹੀ ਰਤਾ ਕੁ ਮੈਂ ਵੀ ਗਿਆ ਮਾਰਿਆ।
ਜਦ ਕੋਮਲ ਰੂਹ ਮਨ-ਪੀੜਾ ਦੀ ਸਿਖਰੋਂ ਡਿਗ ਕੇ
ਸਾਗਰ ਲਹਿਰੀਂ ਲੋਪ ਹੋਈ ਸੀ।
ਮੇਰੀ ਵੀ ਇਕ ਧੀ ਮੋਈ ਸੀ।"
(ਕਦ ਤੱਕ ਮੇਰੀ ਧੀ ਮੋਏਗੀ)

ਨਾਰ ਗੌਤਮ ਦੀ ਅਹੱਲਿਆ ਕਿਸ ਲਈ ਪੱਥਰ ਬਣੇ
ਸਮੇਂ ਦੇ ਇੰਦਰ ਨੇ ਜਦ ਕਿ ਪਾਪ ਦੇ ਦੰਡੋਂ ਬਰੀ
(ਅਹੱਲਿਆ ਕਿਸ ਲਈ ਪੱਥਰ ਬਣੇ)

ਅੰਤ ਵਿਚ ਇਸ ਪੁਸਤਕ ਬਾਰੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਸ ਰਾਹੀਂ ਇਕ ਲੇਖਕ ਨੇ ਸਮੇਂ ਦੀ ਆਵਾਜ਼ ਨੂੰ ਹੁੰਗਾਰਾ ਦਿੱਤਾ ਹੈ ਅਤੇ ਇਸ ਦਾ ਮੁਲਾਂਕਣ ਕਰਨ ਲੱਗਿਆਂ ਇਸ ਨੂੰ ਮੁਖ ਤੌਰ ਉਤੇ ਇਸੇ ਸੰਦਰਭ ਵਿੱਚ ਵੇਖਣਾ ਚਾਹੀਦਾ ਹੈ। ਸੰਕਟ ਸਮੇਂ ਆਪਣੇ ਲੋਕਾਂ ਦੀਆਂ ਭਾਵਨਾਵਾਂ ਨੂੰ ਰੂਪਮਾਨ ਕਰਨਾ ਹਰ ਲੇਖਕ ਦਾ ਕਰਤੱਵ ਹੈ। ਗੁਰਚਰਨ ਇਹ ਕਰਤੱਵ ਨਿਭਾਹੁਣ ਵਿਚ ਸਮੁੱਚੇ ਪੰਜਾਬੀ ਲੇਖਕਾਂ ਦੀ ਮੂਹਰਲੀ ਸਫ ਵਿਚ ਖੜਾ ਹੈ। ਇਸੇ ਲਈ ਇਹ ਪੁਸਤਕ ਸਾਡੇ ਲਈ ਇਕ ਵਿਸ਼ੇਸ਼ ਮਹੱਤਵ ਰਖਦੀ ਹੈ ਅਤੇ ਨਵੇਂ ਲੇਖਕਾਂ ਨੂੰ ਅਜਿਹੇ ਸੰਕਟ ਭਰੇ ਸਮਿਆਂ ਵਿਚ ਆਪਣਾ ਕਰਤੱਵ ਪਛਾਨਣ ਲਈ ਪ੍ਰੇਰਣਾ ਦਿੰਦੀ ਹੈ।

ਅਜਮੇਰ ਰੋਡੇ

(ਪੰਨਾ 10 ਦੀ ਬਾਕੀ)

"ਭਲਾ ਹੁਣ ਤਾਂ ਆਪਾਂ ਇਸ ਬਗੀਚੀ ਵਿਚ ਆ ਬਹਿੰਦੇ ਹਾਂ। ਮੈਂ ਸੁਣਿਆ ਇਥੇ ਤਾਂ ਬਰਫ ਲੋਹੜੇ ਦੀ ਪੈਂਦੀ ਆ। ਉਦੋਂ ਕਿਧਰ ਨੂੰ ਜਾਵਾਂਗੇ।"

ਨਵੇਂ ਆਏ ਬਜ਼ੁਰਗ ਨੇ ਫਿਕਰ ਜ਼ਾਹਿਰ ਕੀਤਾ।

"ਸਿਆਲਾਂ ਵਿਚ ਕਦੇ ਕਦਾਈਂ ਗੁਰਦੁਆਰੇ ਜਾ ਆਈਦਾ ਹੈ। ਉਹ ਵੀ ਜੇ ਮੁੰਡਿਆਂ ਦੇ ਮਨ ਮਿਹਰ ਪੈ ਜਾਵੇ ਨਹੀਂ ਤਾਂ ਫਿਰ ਘਰ ਦੇ ਗੱਦੇ ਤਾਂ ਕਿਤੇ ਗਏ ਨਹੀਂ। ਉਨ੍ਹਾਂ ਤੇ ਬਹਿ ਬਹਿ ਆ ਗੋਡੇ ਜੁੜੇ ਪਏ ਆ। ਦੇਸ ਹੁੰਦੇ ਸੀ ਕੋਈ ਰੋਗ ਨਹੀਂ ਸੀ, ਇਥੇ ਖਾਈ ਜਾਓ ਰੋਗ ਲਗਾਈ ਜਾਓ।"

"ਆਸ਼ਕੇ ਇਸ ਮੰਡੀਰ ਦੇ ਇਨ੍ਹਾਂ ਵੇਲਾਂ ਨੂੰ ਹਾੜੇ-ਸਿਆਲੇ ਸੱਪਾਂ ਦੀਆਂ ਸਿਰੀਆਂ ਮਿਧ ਮਿਧ ਕੇ ਪੜ੍ਹਾਇਆ ਲਿਖਾਇਆ। ਫਿਰ ਸ਼ਾਹਾਂ ਤੋਂ ਕਰਜ਼ਾ ਚੁੱਕ ਕੇ ਇਥੇ ਪਹੁੰਚਦੇ ਕੀਤਾ। ਜਦੋਂ ਪਿੰਡੋਂ ਪਿੰਡੀ ਇਹੋ ਰਾਮ ਰੌਲਾ ਸੁਣੀਦਾ ਸੀ ਕਿ ਕੈਨੇਡਾ ਖੁਲ੍ਹ ਗਿਆ। ਹੁਣ ਇਸ ਗੰਦੀ ਉਲਾਦ ਨਾਲ ਗਲ ਕਰੋ, ਅੱਗੋਂ ਖਾਣ ਨੂੰ ਪੈਂਦੀ ਹੈ। ਕਦੇ ਕਹਿੰਦੇ ਹਨ ਮੈਂ ਥੱਕਿਆ ਹੋਇਆ ਹਾਂ, ਮੈਨੂੰ ਸੌਣ ਲੈਣ ਦਿਓ। ਹੋਰ ਤਾਂ ਹੋਰ ਇਹ ਭੂਨ ਵੀ ਸਾਹ ਨਹੀਂ ਲੈਂਦਾ। ਘੰਟੀ ਖੜਕੀ ਨਹੀਂ ਤੇ ਛੋਹਰ ਬੂਹੇ ਕੋਲ ਜੁੱਤੀ ਪਾਉਂਦਾ ਦਿਸਦਾ ਹੈ। ਪੱਲਾ ਹੀ ਨਹੀਂ ਫੜਾਉਂਦੇ ਆਪਣੇ ਜਣਨ ਵਾਲਿਆਂ ਨਾਲ ਭੇਡਾਂ ਕਰਦੇ ਆ।

ਠੇਠਰੋ! ਸਾਨੂੰ ਇਥੇ ਸੱਦਕੇ ਆਹ ਮਿੱਠੀ ਜੇਲ ਵਿਚ ਹੀ ਤੁੰਨਣਾ ਸੀ ਤਾਂ ਕਾਹਨੂੰ ਸੱਦਣਾ ਸੀ। ਉਤੋਂ ਸੱਦਕੇ ਸਾਡੇ ਤੇ ਸਾਨ ਵੀ ਕਰਦੇ ਆ। ਇਹ ਸਭ ਪੜ੍ਹੇ ਲਿਖੇ ਸਿਰ ਤੇ ਬੱਠਲ ਰੱਖੀ ਫਿਰਦੇ ਹੈ।"

ਬਜ਼ੁਰਗ ਦੀਆਂ ਖਰੀਆਂ ਖਰੀਆਂ ਸੁਣਕੇ ਦੂਸਰਿਆਂ ਦਾ ਹਾਸਾ ਸਾਰੀ ਵਲੈਤੀ ਸੱਥ ਵਿਚ ਖਿਡਰ ਚੁੱਕਾ ਸੀ।

ਅਕਾਸ਼ ਸਾਡਾ

ਜਦੋਂ ਜੜ੍ਹਾਂ ਦੀ ਸਾਨੂੰ ਪਛਾਣ ਭੁੱਲੀ,
ਹੋਇਆ ਸਮਝ ਲਓ ਫੇਰ ਵਿਨਾਸ਼ ਸਾਡਾ।
ਡਿਸਕੋ ਜਾਣਦੇ ਹਾਂ ਪਰ ਨਾ ਪਤਾ ਸਾਨੂੰ,
ਕਿਹੜਾ ਕਵੀ, ਕਿਹੜਾ ਬੁੱਤ-ਤਰਾਸ਼ ਸਾਡਾ।
ਪੈਰ ਰੱਖੋ ਜ਼ਮੀਨ 'ਤੇ, ਨਿਗ੍ਹਾ ਚੁੱਕੋ—
ਵੇਖੋ ਕਿੰਨਾ ਵਿਸ਼ਾਲ ਅਕਾਸ਼ ਸਾਡਾ।
ਅੱਧਾ ਸਾਡਾ ਅਕਾਸ਼ ਵਰਿਆਮ ਸੰਧੂ,
ਬਾਕੀ ਅੱਧਾ ਹੈ ਪ੍ਰੇਮ ਪ੍ਰਕਾਸ਼ ਸਾਡਾ।

ਭੂਸ਼ਨ ਧਿਆਨਪੁਰੀ

ਜੀਵਨ ਰਾਮਪੁਰੀ ਦੀਆਂ ਨਜ਼ਮਾਂ

ਬਰਫ਼ਾਂ ਦੇ ਜਿਸਮਾਂ ਨੂੰ ਛੋਹਣਾ ਵਰਜਿਤ ਹੈ
ਬਰਫ਼ਾਂ ਤੇ ਮਖ਼ਮੂਰ ਜਵਾਨੀ ਛਾਈ ਹੈ।

ਬਰਫ਼ਾਂ ਦੀ ਇਹ ਸਜ ਧਜ ਤੇ ਇਹ ਜ਼ੇਬਾਇਸ਼
ਬਰਫ਼ਾਂ ਦੀ ਭੁੱਤ ਬਣਕੇ ਆਫ਼ਤ ਆਈ ਹੈ।

ਬਰਫ਼ਾਂ ਦਾ ਹੈ ਸਾਥ ਸੁਰਗ ਤੋਂ ਕੀ ਲੈਣਾ,
ਬਰਫ਼ਾਂ ਦੇ ਲੇਖੇ ਇਹ ਜ਼ਿੰਦੜੀ ਲਾਈ ਹੈ।

ਬਰਫ਼ਾਂ ਚੋਂ ਨਿਘਾਂ ਨੂੰ ਲੱਭਦੇ ਫਿਰਨੇ ਆਂ
ਬਰਫ਼ਾਂ ਨੇ ਪਿਆਰਾਂ ਦੀ ਚਿਣਗ ਜਗਾਈ ਹੈ।

ਬਰਫ਼ਾਂ ਦੀਆਂ ਗੋਲਾਈਆਂ ਦੀ ਇਹ ਰਾਅਨਾਈ
ਬਰਫ਼ਾਂ ਲਈ ਕਿਆਮਤ ਬਣ ਕੇ ਆਈ ਹੈ।

ਬਰਫ਼ਾਂ ਦੇ ਸ਼ੈਦਾਈ ਚਾਕ ਗਿਰੇਬਾਂ ਨੇ
ਬਰਫ਼ਾਂ ਦੇ ਦੀਵਾਨਿਆਂ, ਮਹਿਫ਼ਲ ਲਾਈ ਹੈ।

ਬਰਫ਼ਾਂ ਦੀ ਗਦਰਾਈ ਕਾਇਆ ਮੋਂਹਦੀ ਹੈ
ਬਰਫ਼ਾਂ ਦੇ ਜੋਬਨ ਦੀ ਇਹ ਕ੍ਰਿਸ਼ਮਾਈ ਹੈ।

ਬਰਫ਼ਾਂ ਵੀ ਉਤਸ਼ਾਹਾਂ ਦਾ ਇਕ ਮੰਬਾ ਨੇ
ਬਰਫ਼ਾਂ ਨੇ ਇਹ ਜਿੰਦੜੀ ਸੁਰਗ ਬਣਾਈ ਹੈ।

ਬਰਫ਼ਾਂ ਵਿਚ ਛਿਪੀਆਂ ਨੇ ਬਿਜਲੀ ਦੀਆਂ ਰਵਸ਼ਾਂ
ਬਰਫ਼ਾਂ ਨੇ ਇਕ ਅੱਖ-ਜਿੰਦੜੀ ਪਿਘਲਾਈ ਹੈ।

ਬਰਫ਼ਾਂ ਤੇ ਤਾਰੀ ਨੇ ਆਲਮ ਵਜਦਾਂ ਦੇ
ਬਰਫ਼ਾਂ ਸਾਨੂੰ ਹੈਜ਼ਿਸ਼ ਘੋਲ ਪਿਲਾਈ ਹੈ।

ਬਰਫ਼ਾਂ ਦੀਆਂ ਸ਼ਬਰਾਤਾਂ ਦੇ ਵਿਚ ਤਿਲਸਮ ਨੇ
ਬਰਫ਼ਾਂ ਦੀ ਹਰ ਰਾਤ ਅਸਾਂ ਨੂੰ ਭਾਈ ਹੈ।

ਬਰਫ਼ਾਂ ਦੀਆਂ ਮਹਿਕਾਂ ਦੇ ਵਿੱਚ ਵੀ ਗੁਲਸ਼ਨ ਨੇ
ਬਰਫ਼ਾਂ ਵਿਚ ਬਹਾਰਾਂ ਦੀ ਰਾਅਨਾਈ ਹੈ।

ਜੀਵਨ ਦੇ ਹਿੱਤ ਪਾਲਣ ਵਾਲੇ!
ਅਸਲੂ ਰੂਹ ਦੇ ਅਸਲੀ ਸਾਹ ਨੇ।

ਰੂਹ ਦੇ ਸੋਚ ਦਾ ਸਾਥ ਅਸਾਡਾ
ਵਫ਼ਾ ਹੀ ਜ਼ਿੰਦਗੀ ਲਈ ਜ਼ਿੰਦਗੀ ਹੈ।

ਕਲ ਦੇ ਯੁਗ ਦੇ ਇਸ ਕਲਯੁਗ ਵਿਚ
ਰੂਹ ਦਾ ਸਾਡੇ ਦਮ ਘੁਟਦਾ ਹੈ।

ਆਤਮ ਪੀੜੋ ਪੀੜ ਅਸਾਡੀ
ਆਰਥਕ : ਪੁਸ਼ਟੀ ਮੁਖ ਮੰਤਵ ਹੈ।

ਜਿੰਦ ਅਸਾਂ ਨੇ ਗਹਿਣੇ ਪਾਈ
ਬੈ ਕਰਨ ਤਕ ਪੁਜ ਗਏ ਹਾਂ।

ਕਲਚਰ ਖੋ, ਬੇਕਲਚਰ ਹੋਏ
ਕੱਲ੍ਹ ਭਵਿਖਤ : ਕਾਲਾ ਕਾਲਾ।

ਦੋਚਿੱਤੀ : ਦੋਧਾਰੀ ਪੰਜਰ
ਪੁਰਜ਼ਾ ਪੁਰਜ਼ਾ ਕੱਟਦੀ ਜਾਏ।

ਬੇ ਸਰਾਮੀ, ਨਿਘਰੀ ਸਿਹਤ
ਓਵਰ ਟਾਇਮ ਫਿਰ ਨਾ ਛੱਡੇ।

ਬੀਵੀ, ਬੱਚੇ, ਨੋਹਾਂ, ਧੀਆਂ
ਗਿਰਵੀ ਹੋਏ ਸੋਨੇ ਪਿੱਛੇ।

ਸੋਨੇ ਦੇ ਆਂਡੇ ਦੇ ਬਦਲੇ
ਰੂਹ ਦੀ ਕੁਕੜੀ ਮਾਰ ਮੁਕਾਈ।

ਰੂਹ ਦੇ ਕੋਚ ਦਾ ਸਾਥ ਅਸਾਡਾ
ਬੇੜੀ ਸਾਡੀ ਡੋਬੀ ਜਾਏ।
ਜੀਵਨ ਦੇ ਹਿੱਤ ਪਾਲਣ ਵਾਲੇ!

ਸਮਾਗਮ ਦੇ ਭਾਸ਼ਨ, ਅਕਾਰਥ ਰਹੇ
ਵਿਗੜਦੀ ਅਵਸਥਾ ਅਸਾਂ ਦੀ ਰਹੀ।

ਅਜਬ ਬਿਗਾੜਿਆ ਹੈ, ਮੇਰੇ ਘਰ ਦਾ ਹਾਲ
ਸਰਾਂਹਦੀ ਰਹੀ ਨਾ, ਪੁਆਂਦੀ ਰਹੀ।

ਤਸ਼ੱਦਦ ਨੇ ਅਣਭੋਲ ਜਕੜੇ ਬੜੇ
ਹਕੂਮਤ ਬੜੇ ਜ਼ੁਲਮ ਢਾਂਹਦੀ ਰਹੀ
ਜ਼ਹਾਨਤ ਤੋਂ ਕਦ ਕੰਮ ਲੈਂਦੇ ਨੇ ਲੋਕ
ਹਕਾਰਤ ਗੁੱਸੇ ਨੂੰ ਮਘਾਂਦੀ ਰਹੀ।

ਸਿਆਸਤ ਨੇ ਪਾਏ ਪੁਆੜੇ ਬੜੇ
ਭਰੱਪਣ ਦੀ ਖੁਸ਼ਬੋਈ ਜਾਂਦੀ ਰਹੀ।

ਕਿਸੇ ਨੂੰ ਅਣਖ ਦਾ ਰਿਹਾ ਬਾਵਲਾ
ਕਿਸੇ ਨੂੰ ਹਮੀਂ ਵਰਗਲਾਂਦੀ ਰਹੀ।

ਸਿਆਸੀ ਮਨੋਰਥ ਦੀ ਖੁਦਗਰਜ਼ ਸੋਚ
ਬੜੇ ਨਾਚ ਸਾਨੂੰ ਨਚਾਂਦੀ ਰਹੀ।

ਬੜੀ ਬੇ ਮਹਿਕ ਹੈ ਬੇਰਸ ਹੈ ਫਿਜ਼ਾ
ਹੈ 'ਜੀਵਨ' ਚੋਂ ਰਾਅਨਾਈ ਜਾਂਦੀ ਰਹੀ।

1986 ਦੀ ਪਹਿਲੀ ਦੁਆ

ਜਗਤਾਰ



ਕਮਦਿਲਾਂ ਨੂੰ ਦਿਲ, ਨਪਰਿਆਂ ਪਰ ਦਵੀਂ।
ਯਾ ਖ਼ੁਦਾ ਸਭ ਬੇਘਰਾਂ ਨੂੰ ਘਰ ਦਵੀਂ।

ਹਰ ਸੁਹਾਗਣ ਦਾ ਰਹੇ ਜ਼ਿੰਦਾ ਸੁਹਾਗ,
ਉਮਰ ਲੰਘਦੀ ਜਾ ਰਹੀ ਨੂੰ ਵਰ ਦਵੀਂ।

ਤੋਤਲੇ ਬੋਲਾਂ ਦਾ ਰਾਖਾ ਖੁਦ ਬਣੀਂ,
ਖੌਫ ਹਰ ਕਾਤਿਲ ਦੇ ਸੀਨੇ ਭਰ ਦਵੀਂ।

ਹਰ ਸਿਪਾਹੀ ਪਰਤ ਆਵੇ ਜੰਗ 'ਚੋਂ,
ਖਾਕ ਚਿਹਰੇ ਫੇਰ ਰੌਸ਼ਨ ਕਰ ਦਵੀਂ।

ਸਾਰਿਆਂ ਦੇਸ਼ਾਂ ਨੂੰ ਬਖਸ਼ੀ ਤੂੰ ਅਮਨ,
ਸਭ ਗੁਲਾਮਾਂ ਨੂੰ ਸੁਤੰਤਰ ਕਰ ਦਵੀਂ।

ਬਾਂਝ ਧਰਤੀ ਭਰ ਦਵੀਂ ਫਸਲਾਂ ਦੇ ਨਾਲ,
ਸੁੱਕੀਆਂ ਸ਼ਾਖਾਂ ਨੂੰ ਹਰਿਆਂ ਕਰ ਦਵੀਂ।

ਸਭ ਮਰੀਜ਼ਾਂ ਨੂੰ ਮਿਲੇ ਸਬਰੋ-ਕਰਾਰ,
ਮੁੱਦਤਾਂ ਦੇ ਜ਼ਖਮ ਸਾਰੇ ਭਰ ਦਵੀਂ।

ਬੇੜੀਆਂ ਤੇ ਝਾਂਜਰਾਂ ਤੋਂ ਇਸ ਵਰ੍ਹੇ
ਮੁਕਤ ਕੈਦੀ, ਕਸਬੀਆਂ ਨੂੰ ਕਰ ਦਵੀਂ।

ਮੇਰੇ ਬੱਚਿਆਂ ਨੂੰ ਸ਼ਫ਼ਾ ਦੇ ਨਾਲ ਨਾਲ,
ਖ਼ੂਬਸੂਰਤ ਖਾਬ ਤੇ ਮੰਜ਼ਰ ਦਵੀਂ।

ਹੋ ਸਕੇ ਤਾਂ ਆਪਣੇ, 'ਜਗਤਾਰ' ਦੇ,
ਦਰਦ, ਬਿਰਹਾ, ਤੁਹਮਤਾਂ ਸੰਭਰ ਦੇਈਂ।

ਸੰਤ ਸਮਾਜ ਦੇ ਨੇਤਾ ਵੱਲੋਂ ਅਪੀਲ

ਅਹਿਮਦਗੜ੍ਹ — ਆਲ ਇੰਡੀਆ ਸੰਤ ਸਮਾਜ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਅਤੇ ਜਥੇਦਾਰ ਗੁਰਸੇਵ ਸਿੰਘ ਪੰਧੇਰ ਨੇ ਇਕ ਸਾਂਝੇ ਬਿਆਨ ਵਿਚ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲ ਤਖਤ ਦੀ ਮੁੜ ਉਸਾਰੀ ਲਈ ਹੁੰਮ-ਹੁੰਮਾ ਕੇ ਅੰਮ੍ਰਿਤਸਰ ਸਾਹਿਬ ਪੁੱਜਣ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਗੁੰਮਰਾਹ ਹੋਣ ਦੀ ਬਜਾਏ ਅਕਾਲੀ ਦਲ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਦੀ ਅਦਾਲਤ ਵਲੋਂ ਤਿੰਨ ਸਿੱਖ ਹਵਾਈ ਜਹਾਜ਼ ਅਗਵਾਕਾਰਾਂ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਸਪਸ਼ਟ ਹੋ ਗਿਆ ਹੈ ਕਿ ਪਾਕਿਸਤਾਨ ਸਿੱਖਾਂ ਦਾ ਦੋਸਤ ਨਹੀਂ ਅਤੇ ਉਹ ਕੇਵਲ ਆਪਣੇ ਸਵਾਰਥਾਂ ਹਿਤ ਸਿੱਖ ਨੌਜਵਾਨਾਂ ਨੂੰ ਇਕ ਹਥਿਆਰ ਵਜੋਂ ਵਰਤਣਾ ਚਾਹੁੰਦਾ ਹੈ।

ਕੀ ਕਿਸੇ ਨੂੰ ਓਸਨੇ ਦੇਣਾ ਏ ਨਿੱਘ
ਬਿਸਤਰੇ ਵਿਚ ਬੈਠਾ ਜੋ ਕੰਬਦਾ ਰਿਹਾ।

ਰੁਬਾਈ ਤੇ ਗ਼ਜ਼ਲ

ਹਰਮੋਹਨ ਸੇਖੋਂ, ਵੈਨਕੂਵਰ

ਤੈਨੂੰ ਭੁੱਲ ਕਿਸੇ ਨੂੰ ਪਾ ਲਿਆ ਹੈ।
ਆਹਾਂ ਭਰਦੇ ਨੂੰ ਕਿਸੇ ਹਸਾ ਲਿਆ ਹੈ।
ਮੇਰੇ ਤੇ ਹੰਝੂ ਨਾ ਕੇਰੀਂ ਬੇਵਫ਼ਾ ਸਜਨੀ
ਤੂੰ ਵੀ ਤੇ ਕਿਸੇ ਨੂੰ ਅਪਨਾ ਲਿਆ ਹੈ।

2.

ਹਰ ਪਲ ਮੈਂ ਤੇਰਾ ਇੰਤਜ਼ਾਰ ਕੀਤਾ ਏ।
ਨਾ ਆਇਓਂ ਪਰ ਵਾਇਦਾ ਕਈ ਵਾਰ ਕੀਤਾ ਏ।
ਅੱਜ ਆਉਣਗੇ ਸੱਜਣ ਤੂੰ ਮੰਨ ਮੇਰਾ ਕਹਿਣਾ,
ਦਿਲ ਨਾਲ ਹਰ ਰੋਜ਼ ਮੈਂ ਇਕਰਾਰ ਕੀਤਾ ਏ।
ਦਿਨ ਭਰ ਤੇਰੇ ਰਾਹਾਂ ਦੀ ਧੂੜ ਪਈ ਉਸਤੇ,
ਹਰ ਸਵੇਰ ਤੇਰੇ ਲਈ ਜੋ ਸ਼ਿੰਗਾਰ ਕੀਤਾ ਏ।
ਝੂਠੇ ਲਾਰੇ ਲਾਣੇ ਤੇਰੀ ਤੇ, ਇਹ ਆਦਤ ਹੋ ਗਈ,
ਅਸਾਂ ਫਿਰ ਵੀ ਇਸ ਆਦਤ ਤੇ ਇਤਬਾਰ ਕੀਤਾ ਏ।
ਹੁਣ ਤੇ ਇਸ ਉਡੀਕ ਚ, 'ਸੇਖੋਂ' ਭਾਵੇਂ ਉਮਰ ਲੰਘੇ,
ਮੁੱਕਦੇ ਸਾਹਾਂ ਤੱਕ ਸੌਦਾ ਤੇਰੇ ਨਾਲ ਯਾਰ ਕੀਤਾ ਏ।

Press Release

Goa is Air India's New Port of Call.

Goa will have an International Air link when Air India connects this scenic City on the West Coast of India with its Gulf route network, with a weekly Airbus A300-B4 service.

This flight will operate from February 2, 1986

AI 932 (SUN)	(MON) AI 921
0150 hrs DEP KUWAIT	ARR 2015 hrs
0835 hrs ARR GOA	DEP 1745 hrs
0935 hrs DEP GOA	ARR 1655 hrs
1100 hrs ARR TRIVANDRUM	DEP 1530 hrs

The new service will fulfill a long standing demand of passengers from Goa for an air link with Gulf stations.

P.S.: His Holiness Pope John Paul II who scheduled to arrive in Delhi on Feb. 1, 1986 on a ten day visit of India, will be in Goa on Feb. 5th, 6th, & 7th Feb. 1986

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.Box. 67344, STN.'O'
VANCOUVER, B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address..
City...
Province...
Postal code..
PHONE.

One Year	25 dollars
Two Year	45 dollars
Three year	65 dollars
Life membership...........	300 dollars
ASIA.......................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਡਾਵਾਂਡੋਲ ਹੋ ਰਹੀ ਭਾਰਤੀ ਅਰਥ-ਵਿਵਸਥਾ

—ਸੁਰਜੀਤ ਬਰਾੜ—

ਭਾਰਤੀ ਰੁਪਏ ਦੀ ਕੀਮਤ 1970 ਤੋਂ ਲਗਾਤਾਰ ਘਟ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਤਾਂ ਰੁਪਏ ਦੀ ਕੀਮਤ ਕਾਫੀ ਘਟ ਰਹੀ ਹੈ ਪਰ ਰੁਪਏ ਦੀ ਨਿਸ਼ਚਤ ਡਾਲਰ, ਰੂਬਲ ਨੇ ਮਜ਼ਬੂਤੀ ਫੜੀ ਹੈ ਤੇ ਪੌਂਡ ਸਥਿਰ ਰਿਹਾ ਹੈ। 1970 ਵਿਚ ਭਾਰਤੀ ਰੁਪਏ ਦੀ ਕੀਮਤ 96.15 ਪੈਸੇ ਦੀ ਪਰ 1985 ਦੇ ਆਰੰਭ ਵਿਚ ਘਟ ਕੇ ਸਿਰਫ 17 ਪੈਸੇ ਰਹਿ ਗਈ ਸੀ। ਦਸੰਬਰ 1985 ਵਿਚ ਇਸ ਦੀ ਕੀਮਤ ਕੁਝ ਪੁਆਇੰਟ ਹੋਰ ਘਟ ਗਈ ਸੀ। ਰੁਪਏ ਦੀ ਕੀਮਤ ਪੰਦਰਾਂ ਸਾਲਾਂ ਵਿਚ 96.15 ਤੋਂ ਘਟ ਕੇ ਸਿਰਫ 17 ਪੈਸੇ ਰਹਿ ਜਾਣਾ ਬਹੁਤ ਹੀ ਅਫਸੋਸ ਤੇ ਨਿਰਾਸ਼ਾ ਵਾਲੀ ਗੱਲ ਹੈ।

ਗਿਰਾਵਟ

1974-75 ਵਿਚ ਅੰਤਰਰਾਸ਼ਟਰੀ ਮੰਡੀ ਵਿਚ ਖਣਿਜ ਤੇਲਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਣ ਕਰਕੇ ਰੁਪਏ ਦੀ ਕੀਮਤ ਵਿਚ ਗਿਰਾਵਟ ਆਈ ਸੀ ਪਰ ਕੁਦਰਤੀ ਤੌਰ 'ਤੇ (ਸੰਜੋਗ ਨਾਲ) ਅਗਲੇ ਦੋ ਸਾਲਾਂ ਵਿਚ ਰੁਪਏ ਦੀ ਕੀਮਤ ਵਿਚ ਕੁਝ ਕੁ ਵਾਧਾ ਵੀ ਹੋਇਆ। ਸੰਨ 1978-79 ਤੋਂ ਫਿਰ ਲਗਾਤਾਰ ਕੀਮਤ ਘਟਦੀ ਰਹੀ ਤੇ ਇਹ ਰੁਝਾਨ ਹੁਣ ਤੱਕ ਜਾਰੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਰੁਪਏ ਦੀ ਕੀਮਤ ਪੰਜ ਪ੍ਰਮੁਖ ਮੁਦਰਾਵਾਂ ਦੇ ਆਧਾਰ 'ਤੇ ਤਹਿ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਆਉਣ ਵਾਲੇ ਉਤਰਾਅ ਚੜ੍ਹਾਅ ਦੇ ਫਲਸਰੂਪ ਹੀ ਭਾਰਤੀ ਰੁਪਏ ਦੀ ਕੀਮਤ ਬਦਲੀ ਜਾਂਦੀ ਹੈ ਭਾਵ ਘਟਾਈ ਵਧਾਈ ਜਾਂਦੀ ਹੈ। ਇਸ ਆਧਾਰ 'ਤੇ ਹੀ 1980 ਤੋਂ 83 ਵਿਚਕਾਰ ਭਾਰਤੀ ਰੁਪਏ ਦੀ ਕੀਮਤ 170 ਵਾਰ ਵਧਾਈ ਗਈ ਅਤੇ 255 ਵਾਰ ਘਟਾਈ ਗਈ ਅਤੇ 1984-85 ਵਿਚ ਪੌਂਡ ਸਟਰਲਿੰਗ ਦੀ ਕੀਮਤ 88 ਵਾਰ ਵਧਾਈ ਗਈ ਅਤੇ 64 ਵਾਰ ਘਟਾਈ ਗਈ। ਉਂਜ ਇਸ ਸਾਲ ਰੁਪਏ ਦੀ ਨਾਮਾਤਰ ਜਿਹੀ ਕੀਮਤ ਵਧੀ ਵੀ ਸੀ ਪਰ ਇਹ ਵਾਧਾ ਕਿਸੇ ਵੀ ਗਿਣਤੀ ਵਿਚ ਨਹੀਂ ਆਉਂਦਾ।

ਸਾਡੇ ਦੇਸ਼ ਦੀ ਅਰਥ ਵਿਵਸਥਾ ਦਿਨ ਪ੍ਰਤੀ ਦਿਨ ਡਾਵਾਂਡੋਲ ਹੁੰਦੀ ਜਾ ਰਹੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ। ਪਹਿਲਾ ਹੈ ਸਾਡੀਆਂ ਗਲਤ ਆਰਥਿਕ ਨੀਤੀਆਂ। ਦੂਜਾ ਹੈ, ਵਿਦੇਸ਼ੀ ਵਪਾਰ ਵਿਚ ਲਗਾਤਾਰ ਘਾਟਾ। ਤੀਜਾ ਹੈ, ਵਿਦੇਸ਼ੀ ਕਰਜ਼ਾ। ਚੌਥਾ ਹੈ, ਫਜ਼ੂਲ ਖਰਚੀ ਜਿਵੇਂ ਏਸ਼ੀਆ ਦੀਆਂ ਖੇਡਾਂ 'ਤੇ ਖਰਚ, ਫੌਜੀ ਬਜਟ ਵਿਚ ਕਈ ਗੁਣਾਂ ਵਾਧਾ, ਜੰਗੀ ਸਾਜ਼-ਸਮਾਨ 'ਤੇ ਖਰਚ, ਕਾਮਨਵੈਲਥ ਅਤੇ ਗੁੱਟ-ਨਿਰਲੇਪ ਦੇਸ਼ਾਂ ਦੇ ਸੰਮੇਲਨਾਂ 'ਤੇ ਖਰਚ ਆਦਿ। ਪੰਜਵਾਂ ਕਾਰਨ ਹੈ ਅਫਸਰਸ਼ਾਹੀ ਦਾ ਸਖਤ ਪੰਜਾ ਅਤੇ ਉਸ ਦੀ ਅੰਨ੍ਹੀ ਲੁੱਟ। ਇਸ ਤੋਂ ਇਲਾਵਾ ਨਿੱਕੇ-ਮੋਟੇ ਅਨੇਕਾਂ ਹੋਰ ਕਾਰਨ ਹਨ ਜਿਨ੍ਹਾਂ ਨਾਲ ਸਾਡੀ ਅਰਥ ਵਿਵਸਥਾ ਦਿਨ ਪ੍ਰਤੀ ਦਿਨ ਤਬਾਹੀ ਵਲ ਜਾ ਰਹੀ ਹੈ। ਇਸੇ ਕਾਰਨ ਹੀ ਅੰਤਰਰਾਸ਼ਟਰੀ ਮੰਡੀ ਵਿਚ ਰੁਪਏ ਦੇ ਪੈਰ ਨਹੀਂ ਜਮ ਸਕੇ ਅਤੇ ਉਸ ਦੀ ਕੀਮਤ ਲਗਾਤਾਰ ਘਟਦੀ ਗਈ।

1980 ਤੋਂ 1985 ਦੇ ਸਾਲਾਂ ਵਿਚਕਾਰ ਡਾਲਰ ਪੂਰੀ ਤਰ੍ਹਾਂ ਮਜ਼ਬੂਤ ਰਿਹਾ ਅਤੇ ਇਨ੍ਹਾਂ ਸਾਲਾਂ ਵਿਚ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ 42 ਪ੍ਰਤੀਸ਼ਤ ਘਟਾਈ ਗਈ ਸੀ। ਕਿਸੇ ਦੇਸ਼ ਦੀ ਮੁਦਰਾ ਦਾ ਇਤਨਾ ਡਿਗ ਪੈਣਾ ਕਲਪਨਾ ਤੋਂ ਪਰ੍ਹੇ ਦੀ ਗੱਲ ਹੈ ਕਿਉਂਕਿ ਇਸ ਦਾ ਪਰਮਾਣ ਬਹੁਤ ਹੀ ਅਧਿਕ ਮਾਤਰਾ 'ਚ ਘਾਤਕ ਹੁੰਦਾ ਹੈ ਪਰ ਸਾਡੀ ਸਰਕਾਰ ਕੰਨ ਉਤੇ ਹੱਥ ਧਰ ਕੇ ਗੂੜ੍ਹੀ ਨੀਂਦ ਸੁੱਤੀ ਪਈ ਹੈ। ਉਸ ਨੂੰ ਭੋਰਾ ਵੀ ਚਿੰਤਾ ਨਹੀਂ ਕਿ ਭਾਰਤੀ ਰੁਪਏ ਦੀ ਕੀਮਤ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਰੁਪਏ ਦੀ ਕੀਮਤ ਦਾ ਡਿੱਗਣਾ ਰੀਜ਼ਰਵ ਬੈਂਕ ਜਾਂ ਸਰਕਾਰ ਵਲੋਂ ਨਹੀਂ ਸਗੋਂ ਅੰਤਰਰਾਸ਼ਟਰੀ ਮੰਡੀ ਵਿਚ ਭਾਰਤੀ ਵਸਤੂਆਂ ਦੀ ਪੁੱਛ ਪੜਤਾਲ ਨਾ ਹੋਣ ਕਰਕੇ ਅਤੇ ਉਨ੍ਹਾਂ ਦੀ ਕੀਮਤ ਵਿਚ ਲਗਾਤਾਰ ਗਿਰਾਵਟ ਆਉਣ ਕਰਕੇ ਹੁੰਦਾ ਹੈ ਜਾਂ ਫਿਰ ਅੰਤਰਰਾਸ਼ਟਰੀ ਮੰਡੀ ਵਿਚ ਅਮਰੀਕੀ ਅਤੇ ਜਪਾਨੀ ਮਾਲ ਦੀ ਵਧੇਰੇ ਮੰਗ ਕਰਕੇ ਅਤੇ ਉਨ੍ਹਾਂ ਦੀਆਂ ਕੀਮਤਾਂ ਵਧਣ ਕਰਕੇ ਹੁੰਦਾ ਹੈ। ਡਾਲਰ ਦੇ ਮੁਕਾਬਲੇ 40 ਤੋਂ 42 ਪ੍ਰਤੀਸ਼ਤ ਭਾਰਤੀ ਰੁਪਏ ਦੀ ਕੀਮਤ ਘਟਣ ਨਾਲ ਸਾਡੀ ਅਰਥ ਵਿਵਸਥਾ ਨੂੰ ਬਹੁਤ ਈ ਜ਼ਿਆਦਾ ਹਾਨੀ ਹੋਈ ਹੈ। ਇਸ ਦਾ ਪ੍ਰਮੁਖ ਕਾਰਨ ਇਹੋ ਹੈ ਕਿ ਭਾਰਤੀ ਮਾਲ ਦੀ ਅਮਰੀਕਨ ਮੰਡੀ ਵਿਚ ਮੰਗ ਨਾ ਦੇ ਬਰਾਬਰ ਹੈ। ਇਸ ਤੋਂ ਬਿਨਾਂ ਭਾਰਤੀ ਮਾਲ ਨੂੰ ਦੂਜੇ ਦੇਸ਼ਾਂ ਦੇ ਖਰੀਦਦਾਰ ਵੀ ਖਰੀਦਣੋਂ ਕੰਨੀਂ ਕਤਰਾਉਂਦੇ ਹਨ। ਪਰ ਅਮਰੀਕੀ ਜਾਂ ਰੂਸੀ ਮਾਲ ਦੀ ਦਰਾਮਦ ਨਾਲ ਭਾਰਤੀ ਮੰਡੀ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਡਾਲਰ ਜਾਂ ਰੂਬਲ ਦੀ ਸਥਿਤੀ ਮਜ਼ਬੂਤ ਹੁੰਦੀ ਹੈ। ਉਂਜ ਅੰਤਰਰਾਸ਼ਟਰੀ ਮੰਡੀ ਵਿਚ ਕੀਮਤਾਂ ਡਾਲਰ ਨਾਲ ਤਹਿ ਹੁੰਦੀਆਂ ਹਨ।

ਅਸੀਂ ਰੁਪਏ ਦੀ ਕੀਮਤ ਵਧਾਉਣ ਲਈ ਕਦੇ ਕੋਈ ਵੀ ਯਤਨ ਨਹੀਂ ਕੀਤਾ ਜਦੋਂ ਕਿ ਚਾਹੀਦਾ ਇਹ ਸੀ ਕਿ ਅਸੀਂ ਆਪਣੀ ਅਰਥ ਵਿਵਸਥਾ ਵਿਚ ਠੋਸ ਸੁਧਾਰ ਲਿਆਉਂਦੇ ਜਿਸ ਨਾਲ ਰੁਪਏ ਦੀ ਕੀਮਤ ਮਜ਼ਬੂਤ ਹੁੰਦੀ।

ਦੁੱਖ ਦੀ ਗੱਲ ਹੈ ਕਿ ਸਾਡੇ ਆਰਥਿਕ ਮਾਹਿਰਾਂ ਨੇ ਵੀ ਕਦੇ ਡਾਲਰ, ਰੂਬਲ ਦੀ ਮਜ਼ਬੂਤੀ ਬਾਰੇ ਅਤੇ ਇਹ ਮੁਦਰਾਵਾਂ ਅੰਤਰਰਾਸ਼ਟਰੀ ਮੰਡੀ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ, ਦਾ ਵਿਸ਼ਲੇਸ਼ਣ ਕਰਨ ਦੀ ਖੇਚਲ ਨਹੀਂ ਕੀਤੀ। ਉਨ੍ਹਾਂ ਕਦੇ ਵੀ ਉਪਾਅ ਨਹੀਂ ਦੱਸੇ ਜਿਸ ਨਾਲ ਭਾਰਤੀ ਰੁਪਏ ਦੀ ਕੀਮਤ 'ਚ ਵਾਧਾ ਹੋ ਸਕਦਾ। ਵਾਧਾ ਤਾਂ ਕੀ ਕੀਮਤ ਵਿਚ ਸਥਿਰਤਾ ਲਿਆਉਣ ਲਈ ਵੀ ਢੰਗ ਤਰੀਕੇ ਨਹੀਂ ਦੱਸੇ ਗਏ। ਜੇ ਉਪਾਅ ਦੱਸੇ ਵੀ ਹਨ ਤਾਂ ਉਹ ਫਜ਼ੂਲ ਸਿੱਧ ਹੋਏ ਹਨ ਕਿਉਂਕਿ ਰੁਪਏ ਦਾ ਡਿੱਗਣਾ ਨਹੀਂ ਰੁਕ ਸਕਿਆ।

ਦਰਅਸਲ ਸਾਡੀ ਸਰਕਾਰ ਅਤੇ ਆਰਥਿਕ ਮਾਹਿਰ ਪੂਰੀ ਤਰ੍ਹਾਂ ਖੁਸ਼ਫਹਿਮ ਹਨ ਕਿਉਂਕਿ ਉਹ ਰੁਪਏ ਦੀ ਕੀਮਤ ਵਿਚ ਆਈ ਗਿਰਾਵਟ ਨੂੰ ਬਹੁਤ ਵੱਡੀ ਗੱਲ ਨਹੀਂ ਸਮਝਦੇ ਪਰ ਉਹ ਬਿਆਨ ਨਸ਼ਰ ਕਰ ਰਹੇ ਹਨ ਅਤੇ ਰਿਪੋਰਟਾਂ ਛਾਪ ਰਹੇ ਹਨ ਕਿ ਭਾਰਤੀ ਅਰਥ ਵਿਵਸਥਾ ਵਿਚ ਹਰ ਸਾਲ ਨਿਰੰਤਰ ਸੁਧਾਰ ਹੋ ਰਿਹਾ ਹੈ। ਉਹ ਝੂਠੇ - ਮੂਠੇ ਗੈਰ-ਵਿਗਿਆਨਕ ਤੱਥ ਪੇਸ਼ ਕਰ ਰਹੇ ਹਨ। ਅਸਲੀਅਤ ਇਹ ਹੈ ਕਿ ਸਾਡੀ ਅਰਥ ਵਿਵਸਥਾ ਲਗਾਤਾਰ ਗਿਰਾਵਟ ਵਲ ਜਾ ਰਹੀ ਹੈ। ਸਾਡੇ ਦੇਸ਼ ਵਿਚ ਵਸਤੂਆਂ ਦੀਆਂ ਉਚੀਆਂ ਕੀਮਤਾਂ ਬਾਰੇ ਤੱਥ ਹੀ ਲੈ ਲਓ। ਸਰਕਾਰੀ ਅੰਕੜਿਆਂ ਅਨੁਸਾਰ ਥੋਕ ਕੀਮਤਾਂ ਦਾ ਸੂਚਕ ਅੰਕ 1970-71 ਵਿਚ 100 ਨੂੰ ਆਧਾਰ ਮੰਨਿਆ ਸੀ ਪਰ ਦਸੰਬਰ 1985 ਵਿਚ ਇਹ 356.3 ਸੀ। ਉਂਜ ਇਹ ਸਰਕਾਰੀ ਅੰਕੜੇ ਹਨ, ਅਸਲੀਅਤ ਕੁਝ ਹੋਰ ਹੋਏਗੀ। ਜੇ ਅਸੀਂ ਪਰਚੂਨ ਕੀਮਤਾਂ ਵਲ ਨਜ਼ਰ ਮਾਰੀਏ ਤਾਂ ਬਹੁਤ ਅਫਸੋਸ ਹੁੰਦਾ ਹੈ। ਅਸੀਂ ਇਹ ਕਹਿੰਦੇ ਨਹੀਂ ਥਕਦੇ ਕਿ ਭਾਰਤੀ ਅਰਥ ਵਿਵਸਥਾ ਵਿਚ ਸੁਧਾਰ ਆ ਰਿਹਾ ਹੈ।

ਸਹੂਲਤਾਂ

ਜੋ ਭਾਰਤੀ ਲੋਕ ਵਿਦੇਸ਼ਾਂ ਵਿਚ ਰੋਜ਼ੀ ਕਮਾਉਣ ਲਈ ਗਏ ਹੋਏ ਹਨ, ਅਸੀਂ ਉਨ੍ਹਾਂ ਨੂੰ ਕਦੇ ਵੀ ਰਿਆਇਤਾਂ ਜਾਂ ਸਹੂਲਤਾਂ ਨਹੀਂ ਦਿੱਤੀਆਂ ਜਿਸ ਕਰਕੇ ਉਹ ਭਾਰਤ ਵਿਚ ਆਪਣੀ ਕਮਾਈ ਹੋਈ ਵਿਦੇਸ਼ੀ ਪੂੰਜੀ ਲਾਉਣੋਂ ਝਿਜਕਦੇ ਹਨ ਜੇ ਉਨ੍ਹਾਂ ਨੂੰ ਵੀ ਵਿਦੇਸ਼ੀ ਧਨ ਭਾਰਤ ਲਿਆਉਣ ਦੀ ਖੁਲ੍ਹ ਹੋਵੇ ਤਾਂ ਸਾਨੂੰ ਕਾਫੀ ਲਾਭ ਪੁੱਜ ਸਕਦਾ ਹੈ। ਇਨ੍ਹਾਂ ਭਾਰਤੀ ਲੋਕਾਂ ਨੇ ਵਿਦੇਸ਼ੀ ਮੁਦਰਾ ਪਿਛਲੇ ਕੁਝ ਸਾਲਾਂ ਵਿਚ ਬਹੁਤ ਘੱਟ ਭਾਰਤ ਭੇਜੀ ਹੈ। ਇਹ ਵਿਦੇਸ਼ੀ ਪੂੰਜੀ ਵੀ ਇਕ ਤਰ੍ਹਾਂ ਨਾਲ ਭਾਰਤੀ ਰੁਪਏ ਨੂੰ ਕਾਫੀ ਪ੍ਰਭਾਵਿਤ ਕਰਦੀ ਹੈ। ਖਾਸ ਕਰਕੇ ਡਾਲਰ, ਪੌਂਡ ਅਤੇ ਰੂਬਲ ਦਾ ਸਬੰਧ ਪੂਰੀ ਤਰ੍ਹਾਂ ਭਾਰਤੀ ਰੁਪਏ ਨਾਲ ਜੁੜਿਆ ਹੋਇਆ ਹੈ। ਵਿਦੇਸ਼ੀ ਪੂੰਜੀ ਨਾਲ ਸਾਡੀ ਅਰਥ ਵਿਵਸਥਾ ਵਿਚ ਵੀ ਸੁਧਾਰ ਆ ਸਕਦਾ ਹੈ।

ਭੁਗਤਾਨ


ਅਸੀਂ ਭੁਗਤਾਨ ਵਿਚ ਵੀ ਸੰਤੁਲਨ ਕਾਇਮ ਨਹੀਂ ਰੱਖ ਸਕੇ। ਜੇ ਅਸੀਂ ਭੁਗਤਾਨ ਵਿਚ ਸੰਤੁਲਨ ਬਣਾਈ ਰਖਦੇ ਤਾਂ ਵੀ ਸ਼ਾਇਦ ਭਾਰਤੀ ਰੁਪਏ ਵਿਚ ਐਨੀ ਗਿਰਾਵਟ ਨਾ ਆਉਂਦੀ। ਭਾਰਤ ਸਿਰ ਕਰਜ਼ਾ ਦਿਨੋਂ ਦਿਨ ਵਧ ਰਿਹਾ ਹੈ ਬਹੁਤ ਸਾਰੀਆਂ ਵਸਤੂਆਂ ਅਸੀਂ ਉਧਾਰ ਹੀ ਵਿਦੇਸ਼ਾਂ ਤੋਂ ਮੰਗਵਾਉਂਦੇ ਹਾਂ। ਸਾਥੋਂ ਭੁਗਤਾਨ ਹੋ ਨਹੀਂ ਰਿਹਾ ਜਿਸ ਕਰਕੇ ਵਿਦੇਸ਼ੀ ਕਰਜ਼ਾ ਅਤੇ ਉਧਾਰ ਵਿਚ ਖਰੀਦੀਆਂ ਵਸਤੂਆਂ ਦੀ ਧਨ ਰਾਸ਼ੀ ਨਿਰੰਤਰ ਵਧ ਰਹੀ ਹੈ। ਦਰਾਮਦ ਅਤੇ ਬਰਾਮਦ ਵਿਚ ਵੀ ਅਸੀਂ ਸੰਤੁਲਨ ਕਾਇਮ ਨਹੀਂ ਰੱਖ ਸਕੇ। ਘੱਟੋ ਘੱਟ ਪੌਂਡ, ਡਾਲਰ ਅਤੇ ਰੂਬਲ ਬਨਾਮ ਰੁਪਏ ਵਿਚ ਸੰਤੁਲਨ ਤਾਂ ਚਾਹੀਦਾ ਹੀ ਸੀ। ਇਹ ਸੰਤੁਲਨ ਕਾਇਮ ਤਾਂ ਹੀ ਰਹਿੰਦਾ ਸੀ ਜੇ ਅਸੀਂ ਜਿੰਨੀਆਂ ਵਸਤੂਆਂ ਜਿੰਨੇ ਮੁੱਲ 'ਚ ਵੇਚਦੇ ਹਾਂ ਉਤਨੀਆਂ ਵਸਤੂਆਂ ਉਤਨੇ ਮੁੱਲ 'ਚ ਖਰੀਦਦੇ। ਮੁਨਾਫਾ ਤਾਂ ਬਹੁਤ ਦੂਰ ਦੀ ਗੱਲ ਹੈ, ਕਿਉਂਕਿ ਅੰਤਰਰਾਸ਼ਟਰੀ ਮੰਡੀ ਵਿਚ ਅਮਰੀਕਾ, ਰੂਸ, ਜਾਪਾਨ, ਜਰਮਨ, ਇੰਗਲੈਂਡ, ਡੈਨਮਾਰਕ ਆਦਿ ਦੇਸ਼ ਮੋਹਰੀ ਹਨ। ਇਨ੍ਹਾਂ ਦੇਸ਼ਾਂ ਦਾ ਬਣਿਆ ਸਮਾਨ ਵਧੇਰੇ ਖਰੀਦਿਆ ਜਾਂਦਾ ਹੈ। ਅਸੀਂ ਤਾਂ ਅੰਤਰਰਾਸ਼ਟਰੀ ਮੰਡੀ ਵਿਚ ਹੋਰਨਾਂ ਦੇਸ਼ਾਂ ਨਾਲੋਂ ਵੀ ਪਿੱਛੇ ਹਾਂ। ਉਪਰੋਕਤ ਦੇਸ਼ਾਂ ਦਾ ਅੰਤਰਰਾਸ਼ਟਰੀ ਮੰਡੀ 'ਤੇ ਪੂਰਾ ਗਲਬਾ ਹੈ ਜਿਸ ਕਰਕੇ ਉਹ ਮੁਨਾਫਾ ਵਧੇਰੇ ਕਮਾਉਂਦੇ ਹਨ। ਇਕ ਅੰਦਾਜ਼ੇ ਮੁਤਾਬਿਕ ਸਾਡੇ ਵਪਾਰ ਵਿਚ 2150 ਕਰੋੜ ਤੋਂ 3800 ਕਰੋੜ ਰੁਪਏ ਤਕ ਘਾਟਾ ਪੈ ਰਿਹਾ ਹੈ। ਇਸ ਦਾ ਵੱਡਾ ਕਾਰਨ ਬਰਾਮਦ ਵਿਚ 30 ਫੀਸਦੀ ਦਾ ਵਾਧਾ ਹੋਣਾ ਹੈ ਤੇ ਰੁਪਏ ਦੀ ਕੀਮਤ ਲਗਾਤਾਰ ਘਟਣਾ ਹੈ।


ਭਾਰਤੀ ਮੁਦਰਾ ਅਤੇ ਅਰਥ ਵਿਵਸਥਾ ਨੂੰ ਪ੍ਰਭਾਵਤ ਕਰਨ ਵਾਲਾ ਇਕ ਕਾਰਨ ਇਹ ਵੀ ਹੈ ਕਿ ਭਾਰਤ ਨੇ ਬਹੁਤ ਸਾਰਾ ਕਰਜ਼ਾ ਜੋ ਵਿਦੇਸ਼ਾਂ ਤੋਂ ਲਿਆ ਹੈ ਉਹ ਵਿਦੇਸ਼ੀ ਮੁਦਰਾ ਵਿਚ ਹੀ ਪ੍ਰਾਪਤ ਕੀਤਾ ਹੈ। ਇਸ ਤਰ੍ਹਾਂ ਕਰਨਾ ਭਾਰਤ ਦੇ ਹਿਤਾਂ ਵਿਰੁਧ ਜਾਂਦਾ ਹੈ ਕਿਉਂਕਿ ਜੇ ਉਹੀ ਰਕਮ ਰੁਪਏ ਵਿਚ ਬਦਲ ਕੇ ਲਈ ਜਾਂਦੀ ਤਾਂ ਰਕਮ ਵਾਪਸ ਕਰਨ ਸਮੇਂ ਫਿਰ ਉਸ ਨੂੰ ਡਾਲਰ ਵਿਚ ਬਦਲਿਆ ਜਾਣਾ ਸੀ ਜਿਸ ਨਾਲ ਸਾਨੂੰ ਘੱਟ ਧਨ ਰਾਸ਼ੀ ਦੀ ਅਦਾਇਗੀ ਕਰਨੀ ਪੈਣੀ ਸੀ। ਘਾਟਾ ਅਸੀਂ ਇਸ ਕਰਕੇ ਖਾ ਰਹੇ ਹਾਂ ਕਿਉਂਕਿ ਭਾਰਤੀ ਰੁਪਏ ਦੀ ਕੀਮਤ ਲਗਾਤਾਰ ਘਟ ਰਹੀ ਹੈ ਅਤੇ ਡਾਲਰ ਆਦਿ ਦੀ ਕੀਮਤ ਮਜ਼ਬੂਤ ਹੋ ਰਹੀ ਹੈ। ਜਦੋਂ ਤਕ ਰੁਪਏ ਦੀ ਕੀਮਤ ਵਿਚ ਸਥਿਰਤਾ ਨਹੀਂ ਆਉਂਦੀ ਉਦੋਂ ਤਕ ਘਾਟਾ ਪੈਂਦਾ ਰਹੇਗਾ ਜੋ ਕਿ ਸਾਡੀ ਅਰਥ ਵਿਵਸਥਾ ਨੂੰ ਪ੍ਰਭਾਵਤ ਹੀ ਨਹੀਂ ਸਗੋਂ ਤਬਾਹ ਵੀ ਕਰੇਗਾ।

ਖੇਤੀ ਉਤਪਾਦਨ ਵਿਚ ਭਾਵੇਂ ਨਿਰੰਤਰ ਵਾਧਾ ਜਾਰੀ ਹੈ ਪਰ ਸਨਅਤੀ ਉਤਪਾਦਨ ਵਿਚ ਉਸ ਰੂਪ ਵਿਚ ਵਾਧਾ ਨਹੀਂ ਹੋਇਆ ਜਿਸ ਵਿਚ ਹੋਣਾ ਚਾਹੀਦਾ ਸੀ। ਇਹ ਵਾਧਾ ਸਿਰਫ ਐਤਕੀਂ ਲਗਭਗ ਛੇ ਫੀਸਦੀ ਤਕ ਹੋਣ ਦੀ ਸੰਭਾਵਨਾ ਹੈ। ਸਨਅਤੀ ਉਤਪਾਦਨ ਦੀ ਕੁਆਲਿਟੀ ਵੀ ਘਟੀਆ ਹੁੰਦੀ ਹੈ

(ਬਾਕੀ ਪੰਨਾ 14 ਤੇ)







ਆਤੰਕਵਾਦੀਆਂ ਨਾਲ ਪਿਆਰ ਨਾਲ ਨਿਬੜਾਂਗੇ -ਸ: ਟੌਹੜਾ

□ ਇੰਟਰਵੀਊ ਕਰਤਾ/ਦਲਜੀਤ ਸਿੰਘ ਬੇਦੀ

ਸੁਆਲ—ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਪਾਕਿਸਤਾਨ ਤੇ ਕਈ ਹੋਰ ਵਿਦੇਸ਼ੀ ਤਾਕਤਾਂ ਆਤੰਕਵਾਦ ਦੀ ਸ਼ਿੱਦਤ ਨੂੰ ਪੰਜਾਬ ਵਿਚ ਵਧਾ ਰਹੀਆਂ ਹਨ ?

ਜੁਆਬ—ਕੇਂਦਰੀ ਸਰਕਾਰ ਅਜਿਹਾ ਕਹਿੰਦੀ ਹੈ ਪਰ ਉਸਨੇ ਇਸ ਕਥਨ ਦੀ ਪੁਸ਼ਟੀ ਲਈ ਕੋਈ ਸਬੂਤ ਕਦੇ ਨਹੀਂ ਦਿਤਾ। ਪਹਿਲੇ ਉਹ ਇਸ ਨੂੰ ਸਾਬਤ ਕਰਨ।

ਸੁਆਲ—ਅਕਾਲੀ ਆਤੰਕਵਾਦੀ ਸਰਗਰਮੀਆਂ ਦੀ ਹਮੇਸ਼ਾਂ ਪੜਤਾਲ ਕਰਵਾਉਣ ਦੀ ਗੱਲ ਕਰਦੇ ਰਹੇ ਹਨ। ਹੁਣ ਉਹ ਆਪ ਤਾਕਤ ਵਿਚ ਹਨ, ਕੀ ਹੁਣ ਉਹ 'ਇਨਕੁਆਰੀ' ਕਰਵਾਉਣਗੇ ?

ਜੁਆਬ—ਇਸ ਬਾਰੇ ਸੁਰਜੀਤ ਸਿੰਘ ਬਰਨਾਲਾ ਨੇ ਪ੍ਰੈਸ ਨੂੰ ਕਈ ਬਿਆਨ ਦਿੱਤੇ ਹਨ। ਮੇਰੇ ਖਿਆਲ ਵਿਚ ਉਹ ਇਸ ਤਰ੍ਹਾਂ ਦੀ ਇਨਕੁਆਰੀ ਦੇ ਹੱਕ ਵਿਚ ਨਹੀਂ।

ਸੁਆਲ—ਤੁਹਾਡੇ ਖਿਆਲ ਮੁਤਾਬਕ ਪੰਜਾਬ ਤੋਂ ਬਾਹਰ ਸਾਰੇ ਸਿਖਾਂ ਨੂੰ ਸ਼ੱਕੀ ਆਤੰਕਵਾਦੀ ਸਮਝਿਆ ਜਾਂਦਾ ਹੈ। ਤੁਸੀਂ ਕੋਈ ਸੁਝਾਅ ਦਿਉਗੇ ਜਿਸ ਨਾਲ ਉਨ੍ਹਾਂ ਨੂੰ ਬਾਕੀ ਦੀਆਂ ਸੰਪਰਦਾਵਾਂ ਵਿਚ ਪਹਿਲੇ ਵਾਲੀ ਪੋਜ਼ੀਸ਼ਨ ਫਿਰ ਤੋਂ ਹਾਸਲ ਹੋ ਜਾਵੇ ?

ਜੁਆਬ—ਇਹ ਸਰਕਾਰੀ ਮਾਧਿਅਮ ਸੀ—ਰੇਡੀਓ, ਟੈਲੀਵੀਜ਼ਨ ਤੇ ਪ੍ਰੈਸ ਆਦਿ ਜਿਸਦਾ ਗਲਤ ਇਸਤੇਮਾਲ ਕਰਕੇ ਕਾਂਗਰਸ (ਇੰ.) ਸਰਕਾਰ ਨੇ ਸਿੱਖਾਂ ਦੇ ਵਕਾਰ ਨੂੰ ਹਿੰਦੁਸਤਾਨ ਤੇ ਵਿਦੇਸ਼ਾਂ ਵਿਚ ਨਸ਼ਟ ਕੀਤਾ। ਪਰ ਸਿੱਖਾਂ ਨੇ ਖ਼ੁਦ ਸਰਕਾਰ ਤੇ ਦੂਸਰਿਆਂ ਨੂੰ ਗਲਤ ਸਾਬਤ ਕਰ ਦਿਤਾ। ਜਦੋਂ ਕਿ ਪੰਜਾਬ ਤੋਂ ਬਾਹਰ ਸਰਕਾਰ ਸੰਪਰਦਾਇਕ ਦੰਗੇ ਕਰਵਾਉਣ 'ਚ ਕਾਮਯਾਬ ਰਹੀ, ਪੰਜਾਬ ਵਿਚ ਸਿੱਖਾਂ ਨੇ ਸਰਕਾਰ ਦੀ ਇਹ ਸਾਜ਼ਿਸ਼ ਨਾਕਾਮ ਬਣਾ ਦਿਤੀ। ਹਕੀਕਤ ਤਾਂ ਇਹ ਹੈ ਕਿ ਪੰਜਾਬ ਵਿਚ ਸਿੱਖਾਂ ਨੇ ਹਿੰਦੂਆਂ ਦੇ ਜਾਨ ਮਾਲ ਦੀ ਸੁਰੱਖਿਆ ਕੀਤੀ, ਖਾਸ ਤੌਰ 'ਤੇ ਪੰਜਾਬ ਦੇ ਦੇਹਾਤੀ ਇਲਾਕਿਆਂ 'ਚ। ਸਿੱਖਾਂ ਨਾਲ ਵੀ ਮੁਲਕ ਦੇ ਦੂਸਰਿਆਂ ਹਿਸਿਆਂ ਵਿਚ ਇਹੋ ਜਿਹਾ ਵਰਤਾਰਾ ਹੀ ਕੀਤਾ ਜਾਣਾ ਚਾਹੀਦਾ ਹੈ।

ਸੁਆਲ—ਤੁਹਾਨੂੰ ਰਾਜੀਵ ਗਾਂਧੀ ਅਤੇ ਭੂਤਪੂਰਬ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕੰਮ ਕਾਜ ਕਰਨ ਦੇ ਤਰੀਕੇ ਵਿਚ ਕੋਈ ਅੰਤਰ ਨਜ਼ਰ ਆਇਆ ਹੈ ?

ਜੁਆਬ—ਆਪਣੇ ਰਾਜਨੀਤਕ ਜੀਵਨ ਦੇ ਮੁਢਲੇ ਸਾਲਾਂ ਵਿਚ ਇੰਦਰਾ ਗਾਂਧੀ ਨੇ ਵੀ ਰਾਜੀਵ ਗਾਂਧੀ ਵਾਂਗ ਬੜੇ ਜੋਸ਼ੋ ਖ਼ਰੋਸ਼ ਤੇ ਸਿਆਸੀ ਦਿਆਨਤਦਾਰੀ ਦਾ ਮੁਜ਼ਾਹਰਾ ਕੀਤਾ ਸੀ। ਪਰ ਹੌਲੀ ਹੌਲੀ ਉਨ੍ਹਾਂ ਨੇ ਹਾਲਾਤ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਪਾਰਲੀਮਾਨੀ ਚੋਣਾਂ ਦੌਰਾਨ ਰਾਜੀਵ ਗਾਂਧੀ ਨੇ ਅਨੰਦਪੁਰ ਸਾਹਿਬ ਦੇ ਮਤੇ ਦਾ ਸਿੱਖਾਂ ਦੇ ਖਿਲਾਫ ਦੁਰ-ਉਪਯੋਗ ਕੀਤਾ ਤਾਂ ਕਿ ਹਿੰਦੂਆਂ ਦੇ ਵੋਟ ਲਏ ਜਾ ਸਕਣ। ਹੁਣ ਕੋਈ ਸ਼ੱਕ ਨਹੀਂ ਕਿ ਰਾਜੀਵ ਨੇ ਪੰਜਾਬ ਅਤੇ ਆਸਾਮ ਦੇ ਮਸਲੇ ਹਲ ਕੀਤੇ ਹਨ, ਪਰ ਦੇਖਣਾ ਤਾਂ ਇਹ ਹੈ ਕਿ ਉਹ ਕਿੰਨਾ ਚਿਰ ਈਮਾਨਦਾਰੀ ਨਾਲ ਕੰਮ ਕਰਦੇ ਹਨ।

ਸੁਆਲ—ਅਕਾਲ ਤਖਤ ਬਾਰੇ ਤੁਹਾਡੀਆਂ ਭਾਵੀ ਸਕੀਮਾਂ ਕੀ ਹਨ ?

ਜੁਆਬ—ਅਸੀਂ ਨਵੰਬਰ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਨਵ-ਉਸਾਰੀ ਬਾਰੇ ਇਕ ਕਨਵੈਨਸ਼ਨ ਸਦਣ ਦਾ ਫੈਸਲਾ ਕੀਤਾ ਹੈ।

ਸੁਆਲ—ਤੁਹਾਡੀ ਤਥਾ-ਕਥਿਤ ਖਾਲਿਸਤਾਨ ਬਾਰੇ ਕੀ ਰਾਏ ਹੈ ?

ਜੁਆਬ - (ਮੁਸਕਰਾਂਦਿਆਂ) ਮੈਂ ਇਸ ਬਾਰੇ ਕੀ ਕਹਿ ਸਕਦਾ ਹਾਂ।

ਅੱਜ ਉਸ ਨੂੰ ਮਿਲ ਰਿਹੈ ਯਾਰੋ ! ਖਿਤਾਬ
ਜਿਹੜਾ ਰਾਖਾ ਪਹਿਰੇ ਤੇ ਸੁੱਤਾ ਰਿਹਾ।

(ਪੰਨਾ 13 ਦੀ ਬਾਕੀ)

ਜਿਸ ਦਾ ਅੰਤਰਰਾਸ਼ਟਰੀ ਮੰਡੀ ਵਿਚ ਕੁਝ ਨਹੀਂ ਵੱਟੀਦਾ। ਕਿਸੇ ਦੇਸ਼ ਦੀ ਅਰਥ ਵਿਵਸਥਾ ਖੇਤੀ ਅਤੇ ਸਨਅਤੀ ਉਤਪਾਦਨ 'ਤੇ ਪੂਰੀ ਸੂਰੀ ਨਿਰਭਰ ਹੁੰਦੀ ਹੈ। ਸੋ ਸਾਡੀ ਅਰਥ ਵਿਵਸਥਾ ਨੂੰ ਖੇਤੀ ਅਤੇ ਸਨਅਤੀ ਉਤਪਾਦਨ ਨੇ ਕਾਫੀ ਤਹਿਸ ਨਹਿਸ ਕਰ ਰੱਖਿਆ ਹੈ।

ਪੌਂਡ ਸਟਰਲਿੰਗ ਦੀ ਕੀਮਤ ਪਿਛਲੇ ਕਾਫੀ ਅਰਸੇ ਤੋਂ ਰੂਬਲ ਅਤੇ ਡਾਲਰ ਦੀ ਬਜਾਏ ਕਦੇ ਘਟੀ ਹੈ - ਕਦੇ ਵਧੀ ਹੈ ਭਾਵ ਸਥਿਰ ਰਹੀ ਹੈ। ਸ਼ਾਇਦ ਅਗਲੇ ਕੁਝ ਸਾਲਾਂ ਵਿਚ ਪੌਂਡ ਦੀ ਕੀਮਤ 'ਰੁਪਏ' ਅਤੇ ਮੁਦਰਾਵਾਂ ਦੇ ਟਾਕਰੇ ਕਾਫੀ ਘਟੇਗੀ ਕਿਉਂਕਿ ਬਰਤਾਨੀਆ ਦੀ ਅਰਥ ਵਿਵਸਥਾ ਵੀ ਨਿਰੰਤਰ ਨਿਘਾਰ ਵਲ ਜਾ ਰਹੀ ਹੈ।

ਸੁਧਾਰ

ਸਾਡੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਅਤੇ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਅਰਥ ਵਿਵਸਥਾ ਵਿਚ ਸੁਧਾਰ ਆ ਸਕੇ ਤੇ ਰੁਪਏ ਦੀ ਕੀਮਤ ਸਥਿਰ ਹੋ ਸਕੇ। ਜੇ ਅਸੀਂ ਠੋਸ ਕਦਮ ਚੁੱਕਣ ਤੋਂ ਅਸਮਰਥ ਰਹੇ ਤਾਂ ਸਾਡੀ ਅਰਥ ਵਿਵਸਥਾ ਹੋਰ ਵੀ ਤਬਾਹ ਹੋ ਜਾਵੇਗੀ।

ਮੈਨੂੰ ਯਕੀਨ ਹੈ, ਫੈਸਲਾ ਹਾਈਕੋਰਟ ਵਿਚ ਨਹੀਂ ਟਿਕਣ ਲੱਗਾ — ਲੇਖੀ

ਨਵੀਂ ਦਿੱਲੀ — ਇੰਦਰਾ ਗਾਂਧੀ ਕਤਲ ਕੇਸ ਵਿਚ ਸਫਾਈ ਦੇ ਵਕੀਲ ਸ੍ਰੀ ਪੀ ਐਨ ਲੇਖੀ ਨੇ ਜੱਜ ਦੇ ਫੈਸਲੇ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ, "ਜੇ ਕੋਈ ਵੀ ਫੈਸਲਾ ਰੱਦ ਕੀਤੇ ਜਾਣ ਯੋਗ ਹੈ ਤਾਂ ਉਹ ਇਹੋ ਹੀ ਹੈ।" ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ "ਸਾਡੀਆਂ ਅਦਾਲਤਾਂ ਦੇ ਇਤਿਹਾਸ ਵਿਚ ਸੰਨ 1775 ਦੇ ਕੇਸ ਨੂੰ ਛੱਡ ਕੇ ਕਦੇ ਵੀ ਮੁਕੱਦਮੇ ਦੀ ਕਾਰਵਾਈ ਇਸ ਪ੍ਰਕਾਰ ਨਹੀਂ ਹੋਈ।"

ਸ੍ਰੀ ਲੇਖੀ ਨੇ ਦੱਸਿਆ ਕਿ ਕਲਕੱਤਾ ਹਾਈਕੋਰਟ ਦੇ ਚੀਫ ਜਸਟਿਸ ਅਲਿਜ ਇੰਪੇ ਨੇ ਇਕ ਵਪਾਰੀ ਦੇ ਬੇਕਸੂਰ ਹੋਣ ਸਬੰਧੀ ਬੜੀਆਂ ਸਪਸ਼ਟ ਗਵਾਹੀਆਂ ਦੇ ਬਾਵਜੂਦ ਉਸ ਨੂੰ ਸਜ਼ਾਏ ਮੌਤ ਦਿਤੀ ਸੀ ਤੇ ਇਸ ਫੈਸਲੇ ਨੂੰ "ਜੁਡੀਸ਼ਲ ਕਤਲ' ਕਿਹਾ ਗਿਆ ਸੀ। ਸ੍ਰੀ ਲੇਖੀ ਨੇ ਕਿਹਾ, "ਸਤਵੰਤ ਸਿੰਘ ਨੂੰ ਠਿੱਬੀ ਤਾਂ ਲਾਈ ਗਈ ਹੈ ਪਰ ਉਹ ਡਿੱਗਾ ਨਹੀਂ। ਸਾਨੂੰ ਪੂਰਾ ਯਕੀਨ ਹੈ ਕਿ ਇਹ ਫੈਸਲਾ ਹਾਈਕੋਰਟ ਵਿਚ ਟਿਕਣ ਨਹੀਂ ਲੱਗਾ।"

ਉਨ੍ਹਾਂ ਦੇ ਸਹਾਇਕ ਐਡਵੋਕੇਟ ਆਰ. ਐਸ. ਸੋਢੀ ਨੇ ਦੱਸਿਆ ਕਿ ਅਜਿਹੀ ਕੋਈ ਮਿਸਾਲ ਨਹੀਂ ਹੈ ਜਦੋਂ ਸਫਾਈ ਦੇ ਵਕੀਲ ਦੀ ਗੈਰਹਾਜ਼ਰੀ ਵਿਚ ਫੈਸਲਾ ਸੁਣਾਇਆ ਗਿਆ ਹੋਵੇ ਜਿਵੇਂ ਕਿ ਹੁਣ ਕੀਤਾ ਗਿਆ ਹੈ। ਉਨ੍ਹਾਂ ਕਿਹਾ "ਦਿਤੀ ਜਾ ਰਹੀ ਸਜ਼ਾ ਬਾਰੇ ਬਹਿਸ ਕਰਨ ਲਈ ਸਾਨੂੰ ਮੌਕਾ ਹੀ ਨਹੀਂ ਦਿਤਾ ਗਿਆ।

ਬਰਤਾਨੀਆ ਵਲੋਂ ਹਿੰਦ ਨੂੰ ਤੋਪਾਂ ਦੇਣ ਦੀ ਪੇਸ਼ਕਸ਼

ਲੰਦਨ — ਬਰਤਾਨੀਆ ਨੇ ਭਾਰਤ ਨੂੰ 40 ਕਿਲੋਮੀਟਰ ਦੀ ਦੂਰੀ ਤਕ ਮਾਰ ਕਰਨ ਵਾਲੀਆਂ 155 ਐਮ. ਐਮ. ਤੋਪਾਂ ਦੇਣ ਦੀ ਪੇਸ਼ਕਸ਼ ਕੀਤੀ ਹੈ। ਬਰਤਾਨੀਆ ਵਲੋਂ ਇਹ ਤੋਪ ਇਟਲੀ ਅਤੇ ਜਰਮਨੀ ਦੇ ਸਹਿਯੋਗ ਨਾਲ ਤਿਆਰ ਕੀਤੀ ਜਾਣੀ ਹੈ। ਫਾਈਨੈਂਸ਼ਲ ਟਾਇਮਜ਼ ਅਨੁਸਾਰ ਬਰਤਾਨੀਆ ਨੇ ਇਸ ਪੇਸ਼ਕਸ਼ 70 ਕਰੋੜ ਪੌਂਡ ਦੇ ਸੌਦੇ ਨੂੰ ਹਾਸਲ ਕਰਨ ਲਈ ਕੀਤੀ ਹੈ। ਭਾਰਤ ਇਸ ਕਿਸਮ ਦੀਆਂ 400 ਤੋਪਾਂ ਅਤੇ ਟਰਾਲੀਆਂ ਆਦਿ ਖਰੀਦਣ ਦਾ ਚਾਹਵਾਨ ਹੈ। ਇਸ ਦੇ ਨਾਲ ਹੀ ਭਾਰਤ ਭਵਿਖ ਵਿਚ ਇਹ ਤੋਪਾਂ ਹਿੰਦ ਵਿਚ ਤਿਆਰ ਕਰਨ ਲਈ ਤਕਨੀਕ ਵੀ ਪ੍ਰਾਪਤ ਕਰਨੀ ਚਾਹੁੰਦਾ ਹੈ। ਸਵੀਡਨ ਇਸ ਕਿਸਮ ਦੀਆਂ ਤੋਪਾਂ ਲਈ 74 ਕਰੋੜ ਦੀ ਮੰਗ ਕਰ ਰਿਹਾ ਹੈ।

ਕੀ ਤੁਸੀਂ ਜਾਣਦੇ ਹੋ ?

- ★ ਸੰਸਾਰ ਵਿਚ ਸਭ ਤੋਂ ਉਚੀ ਇਮਾਰਤ (ਅਹਿਰਾਮ) ਮਿਸਰ ਵਿਚ ਹੈ।
- ★ ਸੰਸਾਰ ਵਿਚ ਸਭ ਤੋਂ ਵੱਡਾ ਸਿਨੇਮਾ 'ਰੌਕਸੀ' ਦੁਨੀਆ ਦੇ ਸਭ ਤੋਂ ਵੱਡੇ ਸ਼ਹਿਰ ਨਿਊਯਾਰਕ ਵਿਚ ਹੈ।
- ★ ਸੰਸਾਰ ਵਿਚ ਸਭ ਤੋਂ ਵੱਡੀ ਸੁਰੰਗ (ਬਨਾਹਾਊਸ) ਵਿਚ ਹੈ ਜੋ ਪੰਦਰਾਂ ਮੀਲ ਲੰਬੀ ਹੈ।
- ★ ਸੰਸਾਰ ਵਿਚ ਸਭ ਤੋਂ ਵੱਡੀ ਝੀਲ (ਕੇਪਨਬੀਜ਼ੂ) ਏਸ਼ੀਆ ਵਿਚ ਹੈ।
- ★ ਸੰਸਾਰ ਵਿਚ ਸਭ ਤੋਂ ਪਹਿਲਾ ਜਹਾਜ਼ ਬਰਾਈਟ ਬ੍ਰਦਰਜ਼ ਨੇ ਤਿਆਰ ਕੀਤਾ ਸੀ।
- ★ ਸੰਸਾਰ ਵਿਚ ਸਭ ਤੋਂ ਪਹਿਲੀ ਐਨਕ ਇਟਲੀ ਦੇ ਆਦਮੀ ਨੇ ਬਣਾਈ ਸੀ।
- ★ ਸੰਸਾਰ ਵਿਚ ਸਭ ਤੋਂ ਵਧੇਰੇ ਉਨ ਆਸਟਰੇਲੀਆ ਵਿਚ ਤਿਆਰ ਹੁੰਦੀ ਹੈ।
- ★ ਸੰਸਾਰ ਵਿਚ ਸਭ ਤੋਂ ਉਚਾ ਪਹਾੜ ਹਿਮਾਲਾ ਪਰਬਤ ਹੈ।
- ★ ਸੰਸਾਰ ਵਿਚ ਸਭ ਤੋਂ ਵੱਡਾ ਸ਼ਹਿਰ ਨਿਊਯਾਰਕ ਹੈ।
- ★ ਸੰਸਾਰ ਵਿਚ ਸਭ ਤੋਂ ਵੱਧ ਸੋਨਾ ਮੈਸੂਰ ਵਿਚੋਂ ਨਿਕਲਦਾ ਹੈ।
- ★ ਸੰਸਾਰ ਵਿਚ ਸਭ ਤੋਂ ਅਮੀਰ ਆਦਮੀ ਮਿਸਟਰ ਫੋਰਡ ਹੋਇਆ ਹੈ ਜੋ ਅਮਰੀਕਾ ਵਿਚ ਫੋਰਡ ਕੰਪਨੀ ਦਾ ਮਾਲਕ ਸੀ।
- ★ ਸੰਸਾਰ ਵਿਚ ਸਭ ਤੋਂ ਪਹਿਲੀ ਰੇਲ ਗੱਡੀ ਦਾ ਇੰਜਣ ਮਿਸਟਰ ਸਟੀਫਨਸਨ ਨੇ ਬਣਾਇਆ ਸੀ।

ਪੇਸ਼ਕਸ਼: ਹਰਭਜਨ ਸਿੰਘ ਮਾਂਗਟ

ਰੰਗ-ਮੰਚ ਦੇ ਖੇਤਰ 'ਚ ਲੰਮੀਆਂ ਪੁਲਾਘਾਂ ਪੁਟਦਾ ਕੇਵਲ ਧਾਲੀਵਾਲ

ਅੰਮ੍ਰਿਤਸਰ ਸਕੂਲ ਆਫ ਡਰਾਮਾ ਨੇ ਸਟੇਜ ਟੀ. ਵੀ. ਅਤੇ ਫਿਲਮ ਇੰਡਸਟਰੀ ਨੂੰ ਅਨੇਕਾਂ ਕਲਾਕਾਰ ਦਿਤੇ ਹਨ। ਇਸੇ ਹੀ ਸੰਸਥਾ ਦਾ ਇਕ ਨੌਜਵਾਨ ਕਲਾਕਾਰ ਕੇਵਲ ਧਾਲੀਵਾਲ ਜਾਣਿਆ-ਪਛਾਣਿਆ ਚਿਹਰਾ ਹੈ। ਕਿੱਤੇ ਵਜੋਂ ਅਧਿਆਪਕ ਕੇਵਲ, ਪਿਛੇ ਅੱਠਾਂ ਵਰ੍ਹਿਆਂ ਤੋਂ ਮੰਚ-ਜਗਤ ਦੇ ਪਿੜ ਵਿਚ ਅਨੇਕਾਂ ਮੱਲਾਂ ਮਾਰ ਚੁੱਕਾ ਹੈ।

ਅੱਠ ਕੁ ਵਰ੍ਹੇ ਪਹਿਲਾਂ ਖਾਲਸਾ ਕਾਲਜ, ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਦਿਆਂ ਉਸ ਨੂੰ ਸਭ ਤੋਂ ਪਹਿਲਾ ਨਾਟਕ 'ਇਹ ਲਹੂ ਕਿਸਦਾ ਹੈ' ਵਿਚ ਰੋਲ ਕਰਨ ਦਾ ਮੌਕਾ ਮਿਲਿਆ। ਸ: ਗੁਰਸ਼ਰਨ ਸਿੰਘ ਨਾਟਕਕਾਰ, ਜੋ ਇਸ ਸਮਾਗਮ ਦੇ ਮੁਖ ਪ੍ਰਾਹੁਣੇ ਸਨ, ਦੀ ਪਾਰਖੂ ਅੱਖ ਨੇ ਇਸ ਕਲਾਕਾਰ ਨੂੰ ਪਹਿਚਾਣ ਲਿਆ ਤੇ ਆਪਣੀ ਨਾਟਕ ਸੰਸਥਾ 'ਅੰਮ੍ਰਿਤਸਰ ਸਕੂਲ ਆਫ ਡਰਾਮਾ' ਵਿਚ ਆਉਣ ਦਾ ਸੱਦਾ ਦਿਤਾ। ਕੇਵਲ ਨੇ ਇਸ ਸੰਸਥਾ ਵਿਚ ਆ ਪੈਰ ਧਰਿਆ। ਬੱਸ ਉਦੋਂ ਤੋਂ ਲੈ ਕੇ ਅੱਜ ਉਸ ਕਦੀ ਪਿਛਾਂਹ ਪਰਤਕੇ ਨਹੀਂ ਦੇਖਿਆ। ਅੱਗੇ ਹੀ ਅੱਗੇ ਵਧਦਾ ਗਿਆ।

ਖਾਲਸਾ ਕਾਲਿਜ ਸਕੂਲ ਦੀ 'ਨਵਯੁਗ ਨਾਟਕ ਸਭਾ' ਅਤੇ 'ਅੰਮ੍ਰਿਤਸਰ ਸਕੂਲ ਆਫ ਡਰਾਮਾ' ਵਲੋਂ ਨਾਟਕ ਕਰਦਿਆਂ ਇਹ ਅਨੇਕਾਂ ਇਨਾਮ ਪ੍ਰਾਪਤ



ਨਾਟਕ 'ਟੋਆ' ਦੇ ਇਕ ਦ੍ਰਿਸ਼ ਵਿਚ ਕੇਵਲ ਅਤੇ ਅਗੀਤ

ਕਰ ਚੁੱਕਾ ਹੈ। ਭਾਸ਼ਾ ਵਿਭਾਗ ਪੰਜਾਬ ਵਲੋਂ ਕਰਵਾਏ ਜਾਂਦੇ ਨਾਟਕ ਮੁਕਾਬਲਿਆਂ ਵਿਚ ਅੱਧੀ ਦਰਜਨ ਤੋਂ ਵੱਧ ਵਾਰ 'ਬੈਸਟ ਐਕਟਰ' ਅਤੇ 'ਬੈਸਟ ਡਾਇਰੈਕਟਰ' ਦੇ ਇਕਰਾਮ 1980-81 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ 'ਬੈਸਟ ਐਕਟਰ' ਦਾ ਐਵਾਰਡ ਅਤੇ ਇਸ ਤੋਂ ਛੁੱਟ ਸਰਬ-ਹਿੰਦ ਨਾਟਕ ਮੁਕਾਬਲੇ ਅਤੇ ਹੋਰ ਕਈ ਨਾਟਕ ਮੁਕਾਬਲਿਆਂ ਵਿਚੋਂ ਦਰਜਨਾਂ ਸਰਟੀਫਿਕੇਟ ਅਤੇ ਕੱਪ-ਸ਼ੀਲਡਾਂ ਉਹ ਇਨਾਮਾਂ ਵਿਚ ਪ੍ਰਾਪਤ ਕਰ ਚੁੱਕਾ ਹੈ।

ਹੁਣ ਤੱਕ ਸਾਢੇ ਕੁ ਚਾਰ ਦਰਜਨਾਂ ਨਾਟਕਾਂ ਵਿਚ ਭਾਗ ਲੈ ਚੁੱਕਾ ਕੇਵਲ, ਪੂਰੇ ਪੰਜਾਬ ਅਤੇ ਹਿੰਦੁਸਤਾਨ ਦੇ ਬਹੁਤ ਸਾਰੇ ਸ਼ਹਿਰਾਂ ਅਤੇ ਪਿੰਡਾਂ ਤੋਂ ਇਲਾਵਾ ("ਅੰਮ੍ਰਿਤਸਰ ਸਕੂਲ ਆਫ ਡਰਾਮਾ' ਗਰੁੱਪ ਨਾਲ) 1983 ਵਿਚ ਅਮਰੀਕਾ, ਕੈਨੇਡਾ, ਅਤੇ ਬਰਤਾਨੀਆ ਦੇ ਕਈ ਸ਼ਹਿਰਾਂ ਵਿਚ ਸੈਂਕੜੇ ਸਟੇਜਾਂ ਰਾਹੀਂ ਆਪਣੀ ਸੁਥਰੀ ਕਲਾ ਦਾ ਪ੍ਰਦਰਸ਼ਨ ਕੀਤਾ। ਵਿਦੇਸ਼ੀ ਦੌਰੇ ਦੌਰਾਨ ਦੇਸ਼ ਵਿਦੇਸ਼ ਦੀਆਂ ਅਖਬਾਰਾਂ ਨੇ ਕੇਵਲ ਧਾਲੀਵਾਲ ਦੀ ਭਰਪੂਰ ਪ੍ਰਸੰਸਾ ਕੀਤੀ।

ਇਕ ਸਫਲ ਐਕਟਰ ਤੋਂ ਇਲਾਵਾ ਪਿਛਲੇ ਕੁਝ ਅਰਸੇ ਦੌਰਾਨ ਉਸ ਨੇ ਕੁਝ ਨਾਟਕ ਨਿਰਦੇਸ਼ਤ ਵੀ ਕੀਤੇ ਹਨ। ਉਸ ਦੁਆਰਾ ਨਿਰਦੇਸ਼ਿਤ ਨਾਟਕ 'ਮਸੀਹਾ' 'ਲੋਹੇ ਦੀ ਭੱਟੀ' 'ਲੋਕ-ਕਥਾ' (ਹਿੰਦੀ ਵਿਚ) 'ਬੰਦ ਕਮਰੇ' ਬੇਹੱਦ ਮਕਬੂਲ ਹੋਏ।

ਪਿਛੇ ਜਿਹੇ ਚੰਡੀਗੜ੍ਹ ਵਿਚ ਸੰਪੰਨ ਹੋਏ 'ਪੰਜਾਬ ਫੋਕ ਕਲਚਰ ਫੈਸਟੀਵਲ' ਵਿਚ ਕੇਵਲ ਦੁਆਰਾ ਨਿਰਦੇਸ਼ਿਤ ਸੰਗੀਤ ਨਾਟਕ 'ਗਦਰ ਦੀ ਗੂੰਜ' ਨੇ ਜਿਥੇ ਫੈਸਟੀਵਲ ਵਿਚ ਧੁੰਮਾਂ ਪਾਈਆਂ, ਉਥੇ ਉਸ ਨੂੰ ਸਫਲ ਨਿਰਦੇਸ਼ਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਇਕ ਮੁਲਾਕਾਤ ਦੌਰਾਨ ਉਸ ਦੱਸਿਆ ਕਿ ਸਾਡੀ ਸਕੂਲ ਦੀ 'ਨਵਯੁਗ ਨਾਟਕ ਸਭਾ' ਹਰ ਸਾਲ ਭਾਸ਼ਾ ਵਿਭਾਗ ਪੰਜਾਬ ਵਲੋਂ ਕਰਵਾਏ ਜਾਂਦੇ ਨਾਟਕ ਮੁਕਾਬਲਿਆਂ ਵਿਚ ਸ਼ਾਮਲ ਹੁੰਦੀ ਹੈ ਅਤੇ ਅੱਜ ਤੱਕ ਇਨਾਮ ਜਿੱਤੇ ਬਗੈਰ ਖਾਲੀ ਹੱਥ ਵਾਪਸ ਨਹੀਂ ਪਰਤੀ। ਆਪਣੀ ਹੁਣ ਤੱਕ ਦੀ ਪ੍ਰਾਪਤੀ ਉਹ ਗੁਰਸ਼ਰਨ ਸਿੰਘ ਕਰਕੇ ਮੰਨਦਾ ਹੈ।

ਉਸ ਦੁਆਰਾ ਖੇਡੇ ਕੁਝ ਚੋਣਵੇਂ ਨਾਟਕਾਂ 'ਟੋਆ' 'ਇਹ ਲਹੂ ਕਿਸਦਾ ਹੈ', 'ਮਸੀਹਾ', 'ਲੋਹੇ ਦੀ ਭੱਠੀ', 'ਬਾਬਾ ਬੋਲਦਾ ਹੈ', 'ਮਿੱਟੀ ਦਾ ਮੁੱਲ', 'ਗਦਰ ਦੀ ਗੂੰਜ', ਅਤੇ 'ਧਾਰਮਕ ਨਗਾਰੇ ਦੀ' ਵਿਚਲੇ ਉਸ ਦੇ ਕਿਰਦਾਰਾਂ ਨੂੰ ਲੋਕ ਅੱਜ ਤੱਕ ਨਹੀਂ ਭੁੱਲੇ।

ਜੇ ਐਸ ਜੱਸ

"ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ"

ਮੇਹਰ ਸਿੰਘ ਸੰਧੂ ਵੈਨਕੂਵਰ

ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਦਸ ਕੇ ਰਹਿਤ ਤੋਂ ਭਾਵ ਪੰਜ ਕਕਾਰ ਦਾ ਲਿਆ ਜਾਂਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਗੁਰੂ ਮਹਾਰਾਜ ਜੀ ਦਾ ਹੀ ਵਾਕ ਹੈ। ਰਹਿਤ ਤੋਂ ਭਾਵ ਪੰਜ ਕਕਾਰ ਤੋਂ ਵੀ ਨਹੀਂ।

ਸਭਿ ਕਰਮ ਧਰਮ ਹਰਿ ਨਾਮ ਜਪਾਹਾ। (699)

ਇਹ ਗੁਰਬਾਣੀ ਦੇ ਭਾਵ ਨੂੰ ਵੀ ਗ਼ਲਤ ਸਮਝਣਾ ਹੈ। ਗੁਰਸਿਖ ਦੀ ਰਹਤ ਨਾਮ ਜਪਣਾ ਤੇ ਨਿਰਮਲ ਕਰਮ ਹੈ।

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਮੁਢਲੀ ਸਿਖਿਆ ਹੈ। ਨਾਮ ਦੀ ਕਮਾਈ ਵਿਚ ਹੀ ਸਾਰੀ ਸ਼ਰਾ ਸ਼ਰੀਅਤ, ਰਹਿਤ ਮਰਯਾਦਾ ਆ ਜਾਂਦੀ ਹੈ। ਕਿਸੇ ਬਾਹਰਲੀ ਰਹਿਤ ਨੂੰ ਬਾਣੀ ਤੋਂ ਤਰਜੀਹ ਦੇਣੀ, ਗੁਰੂ ਤੋਂ ਬੇਮੁਖ ਹੋ ਕੇ, ਆਪਣਾ ਨਾਵਾਂ ਤੇ ਵਖਰਾ ਪੰਥ ਚਲਾਉਣਾ ਹੈ।

ਕਿਸੇ ਕਥਨ ਵਿਚੋਂ ਸਿਰਫ ਇਕ ਸੱਤਰ ਲੈਣੀ ਠੀਕ ਨਹੀਂ ਭਾਈ ਦੇਸਾਂ ਸਿੰਘ ਜੀ ਦੇ ਰਹਿਤਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੈ —

"ਬੇਦ ਰਹਿਤ ਜਿਮ ਦਿਜ ਨ ਸੁਹਾਵਤ।
ਸੀਲ ਰਹਿਤ ਕੁਲ ਕਾਰ ਨ ਭਾਵਤ।
ਬੇਗ ਰਹਿਤ ਜਿਮ ਤਾਜੀ ਹੀਨ, ਰਹਿਤ ਬਿਨਾ ਕੇਸ ਮਲੀਨ।
ਜਿਉ ਕਾਹੂ ਲੈ ਗਧਾ ਨਵਾਇਓ, ਫੂਲ ਮਾਲ ਤਿਹ ਮੁੰਡ ਧਰਾਇਓ।
ਤਿਹਕੀ ਕਰ ਤਾਕੀ ਸ਼ੋਭਾ ਨਾਹੀ, ਹਾਸੀ ਜੋਗ ਹੋਇ ਜਗ ਮਾਹੀ।
ਤਿਮ ਕੁਰਹਤੀਏ ਕੇਸ ਰਖਾਏ, ਕਹੋ ਸੋ ਕੈਸੇ ਸ਼ੋਭਾ ਪਾਏ।
ਰਹਤ ਸੁ ਕੇਸਨ ਕੋ ਅਤਿ ਭੂਖਣ, ਰਹਤ ਬਿਨਾ ਸਿਰ ਕੇਸ ਭਿ ਦੂਖਨ।
ਰਹਤਵਾਨ ਜਗ ਸਿੰਘ ਜੋ ਕੋਈ।
ਗੁਰ ਕੇ ਲੋਕ ਬਸੇ ਹੀ ਸੋਈ।
ਰਹਿਨੀ ਰਹੈ ਸੋਈ ਸਿਖ ਮੇਰਾ, ਉਹ ਠਾਕਰ ਮੈਂ ਉਸ ਕਾ ਚੇਰਾ।
(ਰਹਿਤਨਾਮਾ ਭਾਈ ਦੇਸਾ ਸਿੰਘ)

ਰਹਤ ਤੋਂ ਭਾਵ ਰਹਿਣੀ ਬਹਿਣੀ ਅਥਵਾ ਕਰਨੀ ਹੈ।

ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ। (1230)

ਭਾਵ ਇਹ ਕਿ ਰਹਿਣੀ ਰਹਿਣ ਵਾਲੇ, ਅਮਲ ਕਰਨ ਵਾਲੇ ਜੂਨਾਂ ਵਿਚ ਪੈਣ ਤੋਂ ਬਚ ਜਾਂਦੇ ਹਨ।

ਭਾਈ ਗੁਰਦਾਸ ਜੀ ਦਾ ਕਥਨ ਹੈ —

ਸਾਧ ਸੰਗਤ ਗੁਰ ਸਬਦ ਸੁਣ ਗੁਰ ਉਪਦੇਸ ਰਹਿਤ ਨ ਰਹੰਦੇ,
ਮਸਤਕਿ ਭਾਗ ਜਿਨਾ ਦੇ ਮੰਦੇ। (ਵਾਰ 17 ਪਉੜੀ 2)

ਏਥੇ ਭੀ ਰਹਤ ਤੋਂ ਭਾਵ ਨੇਕ ਕਹਾਣੀ ਤੋਂ ਲਿਆ ਹੈ।

ਸਾਚੀ ਰਹਤ ਸਾਚਾ ਮਨਿ ਸੋਈ,
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ। (831)
ਸੁਨਤ ਕਹਤ ਰਹਤ ਗਤਿ ਪਾਵਹ। (289)
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ। (56)

ਕਿਸੇ ਦਾ ਪਾਰ ਉਤਾਰਾ ਸਿਰਫ ਇਸ ਕਰਕੇ ਨਹੀਂ ਹੋਣਾ ਕਿ ਉਸ ਨੇ ਬਾਹਰਲੀਆਂ ਖਾਲਸਈ ਰਹਤ ਮਰਯਾਦਾ ਕੀਤੀਆਂ, ਜਾਂ ਹਿੰਦੂ ਮਤ ਦੀਆਂ ਰਹੁ-ਰੀਤੀਆਂ ਦਾ ਪਾਲਣ ਕਰਦਾ ਰਿਹਾ ਹੈ, ਜਾਂ ਮੁਸਲਮਾਨੀ ਸ਼ਰਾ ਸ਼ਰੀਅਤ ਦਾ ਪਾਬੰਦ ਰਿਹਾ ਹੈ। ਕੋਈ ਵਲੀ, ਪੀਰ, ਗੁਰੂ, ਅਵਤਾਰ, ਨਬੀ ਕਿਸੇ ਦੇ ਮੰਦੇ ਕੰਮਾਂ ਦੀ ਹਾਮੀ ਨਹੀਂ ਭਰ ਸਕਦਾ।

ਗੁਰੂ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ। (141)

ਸੋ ਸਚਾਈ ਇਹ ਹੈ ਕਿ —

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ। (62)
ਸੇ ਛੂਟੇ ਸਚੁ ਕਾਰ ਕਮਾਈ। (1024)
ਕਰਣੀ ਬਾਝਹੁ ਭਿਸਤਿ ਨ ਪਾਇ। (952)
ਕਰਣੀ ਬਾਝਹੁ ਤਰੈ ਨ ਕੋਇ। (952)
ਕਰਣੀ ਉਪਰਿ ਹੋਇ ਤਪਾਵਸੁ — ਹੋਵਗਿ ਸਾਰਾ (1169)

ਗੁਰ ਸਿੱਖ ਲਈ ਗੁਰੂ ਨੇ ਕੇਵਲ ਇਕੋ ਹੁਕਮ ਦਿਤਾ ਹੈ —

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। (72)

ਗੁਰਸਿੱਖ ਦਾ ਜਨਮ ਮਨੋਰਥ ਸਿਰਫ ਪਰਮਾਤਮਾ ਨਾਲ ਮੇਲ ਹੈ ਅਤੇ ਉਸ ਨੇ ਉਸ ਮਾਰਗ ਉਤੇ ਚਲਣਾ ਹੈ, ਜਿਸ ਨਾਲ ਇਹ ਘਾਲ ਸਫਲ ਹੋ ਸਕਦੀ ਹੋਵੇ —

ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ। (1346)

ਗੁਰਸਿੱਖ ਨਾਮ ਦੀ ਕਮਾਈ ਵਿਚ ਹੀ ਸਭ ਕੁਝ ਆ ਗਿਆ ਸਮਝਦਾ ਹੈ —

ਸਭੁ ਕਿਛ ਮੈਂ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ। (452)

ਗੁਰਸਿੱਖ ਲਈ ਨਾਮ ਦੀ ਕਮਾਈ ਵਿਚ, ਸਾਰੀਆਂ ਰਹਿਤ ਮਰਯਾਦਾ ਆ ਜਾਂਦੀਆਂ ਹਨ —

ਸ਼ਰਾ ਸ਼ਰੀਅਤਿ ਲੈ ਕੰਮਾਵਹੁ (1083)
ਆਚਾਰਿ ਤੂ ਵੀਚਾਰਿ ਆਪੇ ਹਰਿਨਾਮੁ ਸੰਜਮ ਜਪ ਤਪੋ (1113)
ਸਿਮਰਤ ਨਾਮ ਪੂਰਨ ਆਚਾਰ। (1137)

ਜੇ ਸ਼ੀੜਾਂ ਵੇਲੇ ਨਾਮ ਨੇ ਹੀ ਕੰਮ ਆਉਣਾ ਹੈ ਤੇ ਪਾਪਾਂ ਦੇ ਨਸ਼ਟ ਕਰ ਸਕਣ ਵਾਲਾ ਵੀ ਨਾਮ ਹੀ ਹੈ, ਤਾਂ ਸਾਡੇ ਬਾਹਰਲੇ ਚਿੰਨ੍ਹਾਂ, ਧਾਰਮਕ ਵੇਸਾਂ ਦਾ ਕੀ ਲਾਭ?

ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹ।

ਰਹਿਣੀ ਰਹੇ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ।

ਇਹ ਦੋਵੇਂ ਕਾਵਿ ਰਚਨਾਂ ਹਨ, ਸ੍ਰੀ ਦਸ਼ਮੇਸ਼ ਜੀ ਦੇ ਉਚਾਰਨ ਨਹੀਂ। ਇਨ੍ਹਾਂ ਨੂੰ ਗੌਰ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਰਹਿਤ ਜਾਂ ਰਹਿਣੀ ਤੋਂ ਭਾਵ ਪੰਜ ਕਕਾਰ ਦਾ ਨਹੀਂ। ਹੋਰ ਗੌਰ ਕੀਤਿਆਂ ਇਨਾਂ ਤੁਕਾਂ ਦੇ ਗੁਰਬਾਣੀ ਅਨਕੂਲ ਨ ਹੋਣਾ ਵੀ ਜ਼ਾਹਿਰ ਹੋ ਜਾਂਦਾ ਹੈ। ਇਨਾਂ ਅਤੇ ਹੋਰ ਅਜਿਹੀਆਂ ਕਾਵਿ ਰਚਨਾਵਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਚਾਰਨ ਤੇ ਹੁਕਮ ਕਹਿਣਾ, ਅਗਿਆਨਤਾ ਹੈ

"ਰਹਿਤ ਤੋਂ ਭਾਵ ਜੀਵਨ ਹੈ, ਕਕਾਰਾਂ ਦੀ ਰਹਿਤ ਨਹੀਂ"
(ਅਕਾਲੀ ਪਤ੍ਰਿਕਾ, ਮਾਰਚ 1935 — ਪ੍ਰਿੰਸੀਪਲ ਜੋਧ ਸਿੰਘ ਜੀ)

ਬਾਹਰਲੀ ਰਹਿਤ ਤਦ ਹੀ ਸੋਂਹਦੀ ਹੈ ਜੇ ਅੰਦਰਲੀ ਵੀ ਹੋਵੇ ਤਾਂ।
(ਸ: ਬਲਵੰਤ ਸਿੰਘ ਜੀ ਗੁਜਰਖਾਨੀ — ਮਾਰਚ 1930)

ਹਵਾਲੇ :—
ਗੁਰਸਿਖ ਮਤਿ ਚਲਹੁ ਗੁਰ ਚਾਲੀ
ਗੁਰ - ਮਤ ਮਾਰਚ, 1976
ਗੁਰਸਿੱਖੀ ਤੇ ਰਹਿਤ ਮਰਯਾਦਾ

ਨੋਟ: ਗੁਰਬਾਣੀ ਦੀਆਂ ਤੁਕਾਂ ਦੇ ਅੰਤ ਉਤੇ ਬਰੈਕਟਾਂ ਵਿਚ ਜੋ ਅੰਕ ਦਿਤੇ ਹਨ, ਉਹ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਾਲੀ ਬੀੜ ਦੇ ਸਫੇ ਹਨ!

ਸੂਚਨਾ

ਵੱਲੋਂ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ

ਮੈਂ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ ਅੱਜ 14 ਸਤੰਬਰ 1983 ਤੋਂ ਖੁਦ ਆਪ ਤੋਂ ਬਿਨਾਂ ਤੇ ਬਾਅਦ ਦੂਜੇ ਨੰਬਰ ਤੇ ਆਪਣੀ ਕਵਿਤਾ ਜੋ ਪਿੱਛੇ ਰਚੀ ਤੇ ਅੱਗੇ ਨੂੰ ਰਚਾਂਗਾ, ਤਮਾਮ ਦਾ ਹੱਕ ਕੈਨੇਡਾ, ਕੈਨੇਡਾ ਵਾਸਤੇ ਸੁਦਾਗਰ ਸਿੰਘ ,ਸਿੱਧੂ' 'ਕਾਉਂਕੇ' ਨੂੰ ਦਿੰਦਾ ਹਾਂ ਜੋ ਵੈਨਕੂਵਰ ਬੀ, ਸੀ, ਵਿਚ ਰਹਿੰਦਾ ਹੈ।

ਇਸ ਦੀ ਪੱਕੀ ਇਜਾਜ਼ਤ ਤੋਂ ਬਿਨਾਂ ਮੇਰੀ ਕਵਿਤਾ ਭਾਵੇਂ ਛਪੀ ਵੀ, ਰੀਕਾਰਡਾਂ, ਰੇਡੀਓ, ਟੀ. ਵੀ. ਕੈਸਟਾਂ ਯਾ ਮੇਰੇ ਕਿਸੇ ਵੀ ਸ਼ਾਗਿਰਦ ਤੋਂ ਕਿਤੋਂ ਵੀ ਕਿਸੇ ਵੀ ਵਸੀਲੇ ਨਾਲ ਹਾਸਲ ਕਰਕੇ, ਕੋਈ ਵੀ ਆਦਮੀ, ਗੁਰੂ ਘਰਾਂ, ਮਨੋਰੰਜਨਾਂ ਪਾਰਟੀਆਂ, ਵੱਡੇ ਹਾਲਾਂ ਦੇ ਸ਼ੋਆਂ ਘਰੋਗੀ ਸਮਾਗਮਾਂ, ਰੇਡੀਓ, ਰੀਕਾਰਡਾਂ ਕੈਸਟਾਂ ਵਗੈਰ ਵਿਚ ਕਤਈ ਤੌਰ ਤੇ ਨਹੀਂ ਵਰਤ, ਬੋਲ ਯਾ ਗਾ ਸਕਦਾ ਹੈ।

ਜੋ ਵੀ ਆਦਮੀ ਜਾਣ ਬੁਝ ਕੇ ਯਾ ਅਣਜਾਣੇ ਉਕਤ ਲਿਖਤ ਦੀ ਉਲੰਘਣਾ ਕਰੇਗਾ ਮੇਰੇ ਵੱਲੋਂ ਸੁਦਾਗਰ ਸਿੰਘ 'ਸਿੱਧੂ' ਵਲਦ ਮਿਤ ਸਿੰਘ 'ਕਾਉਂਕੇ' ਨੂੰ ਸੰਪੂਰਨ ਅਧਿਕਾਰ ਪ੍ਰਾਪਤ ਹਨ ਕਿ ਉਹ ਉਸ (ਗਵੱਯੇ) ਨੂੰ ਐਸਾ ਕਰਨੋਂ ਰੋਕੇ। ਨਾ ਰੁਕਣ ਤੇ ਉਹ ਉਹ ਉਸ (ਗਵੱਯੇ) ਤੋਂ ਜਵਾਬ ਤਲਬੀ ਦੇ ਨਾਲ ਜੱਜ ਦੇ ਦਰਸ਼ਣ ਤੇ ਕੋਟ ਦੀ ਯਾਤਰਾ ਵੀ ਕਰਾਉਣ ਦਾ ਹੱਕ ਰੱਖਦਾ ਹੈ।

ਬਕਲਮੇ - ਖੁਦ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ
14 ਸਤੰਬਰ 1983 ਬੀ. ਸੀ. ਕੈਨੇਡਾ

ਖਬਰਦਾਰ

ਬੂਟਾ ਸਿੰਘ ਬਿਲਾਸਪੁਰੀ ਦੇ ਢਾਡੀ ਜੱਥੇ ਨੂੰ (ਜੋ ਅੱਜ ਕੱਲ੍ਹ ਕੈਨੇਡਾ ਵਿਚ ਮੇਰੀ ਕਵਿਤਾ ਦੀ ਖੁਲ੍ਹੀ ਵਰਤੋਂ ਕਰ ਰਿਹਾ ਹੈ) ਸੂਚਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਸਟੇਜ ਤੇ ਸਣੇ ਕੈਸਟਾਂ ਵਗੈਰਾ ਦੇ ਵਰਤੋਂ ਨਾ ਕਰਨ। ਜਿੰਨਾ ਚਿਰ ਮੇਰੀ ਯਾ ਸੁਦਾਗਰ ਸਿੰਘ 'ਸਿੱਧੂ' ਕਾਉਂਕੇ ਵੈਨਕੂਵਰ ਦੀ ਲਿਖਤੀ ਆਗਿਆ ਉਨ੍ਹਾਂ ਦੇ ਕੋਲ ਨਾ ਹੋਵੇ। ਇਸ ਲੇਖ ਨੂੰ ਹੀ (ਬੂਟਾ ਸਿੰਘ ਹੋਰੀਂ) ਸਰਕਾਰੀ ਨੋਟਿਸ ਸਮਝ ਲੈਣ, ਵਰਨਾ ਉਨ੍ਹਾਂ ਵਿਰੁੱਧ ਕਾਪੀ ਰਾਈਟਸ (ਲੇਖਿਕ ਦੇ ਹੱਕਾਂ ਵਾਲੇ) ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇਗੀ।

ਬਾਕਲਮੇ - ਖੁਦ ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ
15-1-86





ਸੁਦਾਗਰ ਸਿੰਘ ਸਿੱਧੂ ਦਾ ਫੋਨ
524-8861

ਤੁਹਾਡੀ ਸਿਹਤ—

ਛਾਤੀ ਵਿਚ ਗਿਲਟੀਆਂ

—ਡਾ: ਗੁਰਚਰਨ ਸਿੰਘ ਮੋਹੇ—

ਸ਼ਬਦ 'ਛਾਤੀ' ਇਸਤ੍ਰੀ ਦੇ ਸਤਨਾਂ (ਦੁੱਧੀਆ) ਵਾਸਤੇ ਵਰਤਿਆ ਜਾਂਦਾ ਹੈ ਉਂਜ ਇਸਤਰੀ ਦੀ 'ਚੈਸਟ' ਨੂੰ ਵੀ ਲੋਕੀ ਛਾਤੀ ਕਹਿ ਲੈਂਦੇ ਹਨ, ਜਦੋਂ ਕਿ ਮਰਦ ਦੀ ਚੈਸਟ ਨੂੰ ਸੀਨਾ ਕਹਿੰਦੇ ਹਨ। ਇਥੇ ਇਹ ਸ਼ਬਦ ਅਸੀਂ ਇਸਤ੍ਰੀ ਸਤਨਾਂ ਜਾਂ ਦੁੱਧੀਆਂ ਵਾਸਤੇ ਵਰਤਿਆ ਹੈ। ਇਹਨਾਂ ਵਿਚ ਕਈ ਵਾਰ ਗਿਲਟੀਆਂ ਦੀ ਅਨਭੂਤੀ ਹੁੰਦੀ ਹੈ। ਇਹ ਤਕਲੀਫ ਵਧੇਰੇ ਕਰਕੇ ਸਾਧਾਰਣ ਹੁੰਦੀ ਹੈ ਪਰ ਕਦੇ ਕਦੇ ਗੰਭੀਰ ਵੀ ਹੋ ਸਕਦੀ ਹੈ। ਇਸ ਕਰਕੇ ਜਦੋਂ ਵੀ ਕਿਸੇ ਸਤਨ ਵਿਚ ਕਿਸੇ ਕਿਸਮ ਦਾ ਦਰਦ, ਜਾਂ ਗਿਲਟੀ ਦੀ ਅਨਭੂਤੀ ਹੋਵੇ, ਉਸ ਦੀ ਜਾਂਚ ਪੜਤਾਲ ਕਰਵਾਉਣ ਤੋਂ ਕਦੇ ਵੀ ਅਣਗਹਿਲੀ ਨਹੀਂ ਕਰਨੀ ਚਾਹੀਦੀ। ਜੇ ਅਣਗਹਿਲੀ ਕਰ ਦਿੱਤੀ ਜਾਵੇ ਤਾਂ ਗੰਭੀਰ ਤਕਲੀਫ ਦੀ ਹਾਲਤ ਵਿਚ ਬੀਮਾਰੀ ਵਧਦੀ ਵਧਦੀ ਲਾਇਲਾਜ ਅਵਸਥਾ ਤੱਕ ਵੀ ਪੁੱਜ ਸਕਦੀ ਹੈ ਜਿਹੜੀ ਜਾਂਚ ਪੜਤਾਲ ਕਾਰਨ ਆਰੰਭਿਕ ਪੜਾਅ 'ਤੇ ਰੋਕੀ ਵੀ ਜਾ ਸਕਦੀ ਸੀ। ਬੀਮਾਰੀ ਦੇ ਸਾਧਾਰਨ ਜਾਂ ਅਸਾਧਾਰਣ ਹੋਣ ਬਾਰੇ ਮਰੀਜ਼ ਆਪੂੰ ਫੈਸਲਾ ਘੱਟ ਹੀ ਕਰ ਸਕਦਾ ਹੈ। ਜਿਸ ਕਰਕੇ ਇਸ ਫੈਸਲੇ 'ਤੇ ਪੁੱਜਣ ਲਈ ਅਣਗਹਿਲੀ ਦਾ ਪੱਲਾ ਛੱਡ ਕੇ ਫੁਰਤ ਜਾਂਚ ਕਰਵਾ ਕੇ ਤਸੱਲੀ ਕਰ ਲੈਣੀ ਚਾਹੀਦੀ ਹੈ। ਜੇ ਲੋੜ ਹੋਵੇ ਤਾਂ ਸਹੀ ਇਲਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ। ਅਸੀਂ ਇਸ ਲੇਖ ਰਾਹੀਂ ਉਹਨਾਂ ਹਾਲਾਤਾਂ ਬਾਰੇ ਦੱਸਣ ਦਾ ਯਤਨ ਕਰਾਂਗੇ ਜਿਹੜੀਆਂ ਹਰ ਮਰੀਜ਼ ਸਮਝ ਕੇ, ਆਪਣਾ ਇਲਾਜ ਆਪ ਕਰਨ ਵਲ ਤੁਰ ਸਕਦਾ ਹੈ। ਮੇਰਾ ਨਿਸ਼ਾਨਾ ਤੁਹਾਨੂੰ ਪ੍ਰਕ੍ਰਿਤਿਕ ਇਲਾਜ ਪ੍ਰਣਾਲੀ ਅਤੇ ਹੋਮਿਓਪੈਥਿਕ ਇਲਾਜ ਪ੍ਰਣਾਲੀ ਰਾਹੀਂ ਇਸ ਦਾ ਸਮਾਧਾਨ ਪੇਸ਼ ਕਰਨਾ ਹੈ। ਆਓ ਕੰਮ ਦੀ ਗੱਲ ਵੀ ਕਰ ਹੀ ਲਈਏ।

ਕਾਰਣ : ਛਾਤੀਆਂ ਵਿਚ ਕਈ ਕਾਰਨਾਂ ਕਰਕੇ ਗਿਲਟੀਆਂ ਹੋ ਸਕਦੀਆਂ ਹਨ। ਸਭ ਤੋਂ ਪਹਿਲਾਂ ਛਾਤੀ 'ਤੇ ਕੋਈ ਚੋਟ ਲੱਗ ਜਾਣ ਨਾਲ ਇਹ ਸਮੱਸਿਆ ਉਤਪਨ ਹੋ ਸਕਦੀ ਹੈ। ਕਈ ਵਾਰ ਚੋਟ ਦਾ ਦਰਦ ਹਟ ਜਾਂਦਾ ਹੈ ਪਰ ਗਿਲਟੀ ਬਣੀ ਰਹਿੰਦੀ ਹੈ। ਸਾਧਾਰਣ ਤੌਰ 'ਤੇ ਹੋਣਾ ਤਾਂ ਇਹ ਚਾਹੀਦਾ ਹੈ ਕਿ ਦਰਦ ਨਾਲ ਹੀ ਗਿਲ੍ਹਟੀ ਵੀ ਮਿਟ ਜਾਣੀ ਚਾਹੀਦੀ ਹੈ। ਜੇ ਇਹ ਨਹੀਂ ਹੁੰਦਾ ਤਾਂ ਪਿੱਛੇ ਰਹੀ ਦਰਦ-ਮੁਕਤ ਗਿਲ੍ਹਟੀ ਸਮਾਂ ਪਾ ਕੇ ਕਦੇ ਵੀ ਸਮੱਸਿਆ ਬਣ ਸਕਦੀ ਹੈ ਇਸ ਕਰਕੇ ਇਸ ਪ੍ਰਕਾਰ ਦੀ ਗਿਲ੍ਹਟੀ ਤੁਰੰਤ ਦਿਖਾਉਣੀ ਚਾਹੀਦੀ ਹੈ ਤਾਂ ਕਿ ਉਸ ਦੀ ਪ੍ਰਕਾਰ ਦਾ ਪਤਾ ਲੱਗ ਸਕੇ ਅਤੇ ਉਸ ਦੇ ਹੋਰ ਅੱਗੇ ਵਧਣ ਤੋਂ ਪਹਿਲਾਂ ਉਸ ਦੇ ਖਾਤਮੇ ਦਾ ਪ੍ਰਬੰਧ ਕੀਤਾ ਜਾ ਸਕੇ।

ਦੂਸਰੀ ਪ੍ਰਕਾਰ ਦੀ ਗਿਲਟੀਆਂ ਮਾਹਵਾਰੀ ਸਮੇਂ, ਸ਼ੁਰੂ ਹੋਣ ਤੋਂ ਦੋ-ਚਾਰ ਦਿਨ ਪਹਿਲਾਂ ਛਾਤੀਆਂ ਦੇ ਭਾਰੀ ਹੋਣ ਅਤੇ ਦੁਖਦਾਈ ਹੋਣ ਨਾਲ ਮਹਿਸੂਸ ਹੁੰਦੀਆਂ ਹਨ। ਮਾਹਵਾਰੀ ਤੋਂ ਪਹਿਲਾਂ ਛਾਤੀਆਂ ਦਾ ਭਾਰੀ ਹੋਣਾ ਤਾਂ ਕਿਸੇ ਹੱਦ ਤੱਕ ਕੁਦਰਤੀ ਹੈ ਪਰ ਇਸ ਸੁਭਾਵਿਕ ਪ੍ਰਕਿਰਿਆ ਦੌਰਾਨ ਛਾਤੀਆਂ ਦਾ ਅਸੁਭਾਵਿਕ ਭਾਰੀਪਣ ਦਰਦੀਲਾ ਹੋਣਾ, ਜਾਂਚ ਦੀ ਮੰਗ ਕਰਦਾ ਹੈ। ਇਸ ਅਵਸਥਾ ਦੇ ਵੀ ਇਕ ਤੋਂ ਵੱਧ ਕਾਰਣ ਹੁੰਦੇ ਹਨ। ਜਦੋਂ ਕਿਸੇ ਇਸਤਰੀ ਨੂੰ ਮਾਹਵਾਰੀ ਲੋੜ ਤੋਂ ਬਹੁਤ ਘੱਟ ਆਵੇ ਜਾਂ ਕਈ ਵਾਰ ਲੋੜ ਤੋਂ ਬਹੁਤ ਵੱਧ। ਪਹਿਲੀ ਸਥਿਤੀ ਵਿਚ ਦੁੱਧੀਆਂ ਵਧੇਰੇ ਭਾਰੀ ਅਤੇ ਦਰਦੀਲੀਆਂ ਹੋ ਸਕਦੀਆਂ ਹਨ। ਕਈ ਇਸਤਰੀਆਂ ਨੂੰ ਮਾਹਵਾਰੀ ਆਉਂਦੀ ਹੀ ਨਹੀਂ। ਇਸ ਦੀ ਥਾਂ ਕੁਝ ਸਪਾਟਿੰਗ ਹੋ ਜਾਂਦੀ ਹੈ ਤੇ ਮਾਮਲਾ ਖਤਮ। ਕੁਝ ਹਾਲਤਾਂ ਵਿਚ ਸਿਰਫ ਸਫੈਦ ਪਾਣੀ ਹੀ ਆ ਕੇ ਕੰਮ ਖਤਮ ਹੋ ਜਾਂਦਾ ਹੈ। ਇਸ ਹਾਲਤ ਨੂੰ ਅਸੀਂ ਅੰਗਰੇਜ਼ੀ ਵਿਚ ਵੀਕੇਰੀਅਸ ਮੈਨਸਟਰੂਏਸ਼ਨ ਭਾਵ ਮਾਹਵਾਰੀ ਦੇ ਬਦਲਪ੍ਰਭਾਵ ਕਹਿੰਦੇ ਹਾਂ। ਇਸ ਨਾਲ ਛਾਤੀ 'ਤੇ ਪ੍ਰਭਾਵ ਹੋਣਾ ਸੁਭਾਵਕ ਤਾਂ ਹੈ ਪਰ ਅਣਗਹਿਲੀ ਦੀ ਮੰਗ ਨਹੀਂ ਕਰਦਾ। ਮਾਹਵਾਰੀ ਦੀ ਇਹ ਸਥਿਤੀ ਹੀ ਆਪਣੇ ਆਪ ਵਿਚ ਬੀਮਾਰੀ ਦੀ ਸੂਚਕ ਹੈ। ਫੇਰ ਉਸਦੇ ਬਦਲ-ਪ੍ਰਭਾਵ ਤਾਂ ਹੋਰ ਵੀ ਗੰਭੀਰ ਸਥਿਤੀ ਉਤਪਨ ਪੈਦਾ ਕਰਦੇ ਹਨ ਕਿਉਂਕਿ ਉਹ ਬੀਮਾਰੀ ਨੂੰ ਸਰੀਰ ਦੇ ਹੋਰ ਮਹੱਤਵਪੂਰਨ ਅੰਗਾਂ ਤੱਕ ਪਹੁੰਚਾ ਰਹੇ ਹਨ। ਇਹ ਅਸਾਧਾਰਣ ਨਾਲੋਂ ਵੀ ਵਧੇਰੇ ਗੰਭੀਰ ਗੱਲ ਹੈ। ਇਸ ਕਰਕੇ ਜੜ੍ਹ ਦਾ ਇਲਾਜ ਬਹੁਤ ਹੀ ਜ਼ਰੂਰੀ ਹੈ।

ਤੀਸਰਾ ਕਾਰਣ ਅਣਜਾਣਿਆ ਵੀ ਹੋ ਸਕਦਾ ਹੈ। ਉਪਰੰਤ ਦੋਵੇਂ ਸਥਿਤੀਆਂ ਤੋਂ ਮੁਕਤ ਵੀ ਕਈ ਵਾਰ ਦੁੱਧੀਆਂ ਵਿਚ ਗਿਲਟੀਆਂ ਬਣ ਜਾਂਦੀਆਂ ਹਨ। ਕਦੇ ਕਦੇ ਉਹ ਦਰਦ ਭਰਪੂਰ ਹੁੰਦੀਆਂ ਹਨ ਅਤੇ ਕਦੇ ਕਦੇ ਦਰਦ-ਮੁਕਤ। ਇਹ ਦੋਵੇਂ ਪ੍ਰਕਾਰ ਦੀਆਂ ਅਕਾਰਣ ਗਿਲ੍ਹਟੀਆਂ ਵੱਲ ਤੁਰੰਤ ਧਿਆਨ ਜਾਣਾ ਚਾਹੀਦਾ ਹੈ ਅਤੇ ਇਹਨਾਂ ਦਾ ਇਲਾਜ ਹੋਣਾ ਚਾਹੀਦਾ ਹੈ। ਜੇ ਇਹਨਾਂ ਦਾ ਪ੍ਰਭਾਵ ਬਗਲਾਂ ਵਿਚ ਜਾਂਦਾ ਹੋਵੇ ਤਾਂ ਵਧੇਰੇ ਗੰਭੀਰਤਾ ਦੀ ਮੰਗ ਕਰਦੀਆਂ ਹਨ। ਜੇ ਇਹ ਸਥਾਨਿਕ ਹੀ ਹੋਣ ਤਾਂ ਵੀ ਅਣਗਹਿਲੀ ਤਾਂ ਨਹੀਂ ਹੋਣੀ ਚਾਹੀਦੀ।

ਚੌਥੇ ਗਿਲ੍ਹਟੀਆਂ ਤੇਰਾਂ ਚੌਦਾਂ ਵਰ੍ਹਿਆਂ ਦੀ ਉਮਰੇ ਉਠਦੀਆਂ ਦੁੱਧੀਆਂ ਵਿਚ ਤਾਂ ਆਮ ਹੀ ਹੁੰਦੀਆਂ ਹਨ। ਇਸ ਸਮੇਂ ਇਹ ਹੱਥ ਲਾਇਆਂ ਵੀ ਚਬੁਕ ਮਾਰਦੀਆਂ ਹਨ — ਬਹੁਤ ਜ਼ਿਆਦਾ ਦਰਦੀਲੀਆਂ ਵੀ ਹੋ ਸਕਦੀਆਂ ਹਨ ਇਸ ਸਮੇਂ ਮਾਦਾ-ਹਾਰਮੋਨਜ਼ ਦੀ ਉਤਪਤੀ ਦੇ ਆਰੰਭ ਸਮੇਂ ਇਹ ਸਥਿਤੀ ਹੁੰਦੀ ਹੈ ਇਸ ਅਵਸਥਾ ਵਿਚ ਕਈ ਵਾਰ ਮੁੰਡਿਆਂ ਦੀਆਂ ਮੰਮਣੀਆਂ ਵਿਚ ਵੀ ਦਰਦੀਲੀਆਂ ਸਖਤ ਗਿਲ੍ਹਟੀਆਂ ਬਣ ਜਾਂਦੀਆਂ ਹਨ। ਪਰ ਇਹ ਸਭਨਾਂ ਦੇ ਨਹੀਂ ਹੁੰਦੀਆਂ। ਪਰ ਜੇ ਹੋ ਵੀ ਜਾਣ ਤਾਂ ਕੋਈ ਬਹੁਤੀ ਚਿੰਤਾ ਵਾਲੀ ਗੱਲ ਨਹੀਂ। ਤਾਂ ਵੀ ਕੋਈ ਹੋਮਿਓਪੈਥਿਕ ਦਵਾਈ ਜਿਹਾ ਕਿ ਕਲਕੇਰੀਆ ਫਲੋਰ 200/1000 ਲੈ ਲੈਣ ਨਾਲ ਸਮੱਸਿਆ ਦਾ ਸਮਾਧਾਨ ਤੁਰੰਤ ਹੋ ਸਕਦਾ ਹੈ। ਜੇ ਨਾ ਹੋਵੇ ਤਾਂ ਡਾਕਟਰ ਕੋਲ ਜਾ ਕੇ ਜਾਂਚ ਕਰਵਾਉਣ ਦਾ ਕੋਈ ਹਰਜ਼ ਨਹੀਂ।

ਪੰਜਵੇਂ ਇਹ ਗਿਲ੍ਹਟੀਆਂ ਜੱਚਾ ਦੀਆਂ ਦੁੱਧੀਆਂ ਵਿਚ ਆਮ ਹੋ ਜਾਂਦੀਆਂ ਹਨ। ਪਰ ਯਾਦ ਰੱਖੋ ਸਾਧਾਰਣ ਜਾਂ ਅਸਾਧਾਰਣ ਪ੍ਰਕਾਰ ਦੀਆਂ ਗਿਲ੍ਹਟੀਆਂ ਦਾ ਬਹੁਤਾ ਪਤਾ ਗਰਭ-ਕਾਲ ਵਿਚ ਹੀ ਦੁੱਧੀਆਂ ਦੇ ਵਿਕਾਸ ਦੌਰਾਨ ਲਗਦਾ ਹੈ। ਲੋਕੀ ਇਸ ਅਵਸਥਾ ਵਿਚ ਹੋਈਆਂ ਗਿਲ੍ਹਟੀਆਂ ਪ੍ਰਤੀ ਲਾਪਰਵਾਹ ਰਹਿੰਦੇ ਹਨ ਅਤੇ ਸਮਝਦੇ ਹਨ ਕਿ ਇਹ ਸਾਧਾਰਣ ਸਥਿਤੀ ਹੈ। ਦੁੱਧ ਦੇ ਵਿਕਾਸ ਕਾਰਣ ਦਰਦ ਹੋ ਰਿਹਾ ਹੈ। ਪਰ ਇਹ ਗੱਲ ਵੀ ਯਾਦ ਰੱਖੋ ਕਿ ਇਹ ਅਵਸਥਾ ਗੈਰਕੁਦਰਤੀ ਅਤੇ ਅਸੁਭਾਵਕ ਨਹੀਂ। ਇਸ ਅਵਸਥਾ ਵਿਚ ਵੀ ਕੋਈ ਅਸਾਧਾਰਣ ਸਥਿਤੀ ਬਿਲਕੁਲ ਨਹੀਂ ਉਪਜਣੀ ਚਾਹੀਦੀ ਜੇ ਉਪਜਦੀ ਹੈ ਤਾਂ ਉਸ ਦਾ ਇਲਾਜ ਜ਼ਰੂਰ ਹੋਣਾ ਚਾਹੀਦਾ ਹੈ। ਅਣਗਹਿਲੀ ਉਕਾ ਹੀ ਨਹੀਂ ਹੋਣੀ ਚਾਹੀਦੀ।

ਉਪਰੰਤ ਵਰਣਿਤ ਸਾਰੇ ਹੀ ਕਾਰਣ ਇਲਾਜ ਦੇ ਮਾਮਲੇ ਵਿਚ ਸਾਧਾਰਨ ਹਨ। ਸਭਨਾਂ ਦਾ ਸਮਾਧਾਨ ਪ੍ਰਕਿਰਤਿਕ ਇਲਾਜ ਪ੍ਰਣਾਲੀ ਤੇ ਹੋਮਿਓਪੈਥਿਕ ਦਵਾ-ਪ੍ਰਣਾਲੀ ਦੇ ਮਿਸ਼ਰਣ ਨਾਲ ਬਹੁਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਪਰ ਇਸ ਸਾਰੇ ਯਤਨ ਵਿਚ ਮਰੀਜ਼ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਸਮੱਸਿਆ ਤਾਂ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਮਰੀਜ਼ ਇਹ ਨਹੀਂ ਜਾਣਦਾ ਕਿ ਉਸ ਦੀ ਸਿਹਤ ਲਈ ਉਸ ਨੂੰ ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ ਖਾਣਾ ਚਾਹੀਦਾ। ਉਹ ਆਪਣੇ ਹੀ ਸੁਭਾਅ ਬਾਰੇ ਆਪ ਨਹੀਂ ਜਾਣਦਾ। ਇਹ ਸੱਚ ਹੈ ਕਿ ਹਰ ਵਿਅਕਤੀ ਦੀ ਤੰਦਰੁਸਤੀ ਲਈ ਉਹ ਵਧੇਰੇ ਕਰਕੇ ਆਪ ਜ਼ਿੰਮੇਵਾਰ ਹੁੰਦਾ ਹੈ। ਜੇ ਉਹ ਅਪਣਾ ਧਿਆਨ ਆਪ ਨਾ ਰੱਖ ਸਕੇ ਤਾਂ ਦਵਾਈਆਂ ਜਾਂ ਡਾਕਟਰ ਉਸ ਦੀ ਮਦਦ ਸਿਰਫ ਆਰਜ਼ੀ ਤੌਰ 'ਤੇ ਹੀ ਕਰ ਸਕਦੇ ਹਨ। ਸਥਾਈ ਸਹਾਇਤਾ ਹਰ ਇਕ ਨੂੰ ਆਪਣੀ ਆਪ ਹੀ ਕਰਨੀ ਪੈਂਦੀ ਹੈ।

ਪ੍ਰਕਾਰ — ਗਿਲ੍ਹਟੀਆਂ ਵੱਡੀਆਂ ਅਤੇ ਛੋਟੀਆਂ, ਸਖਤ ਅਤੇ ਨਰਮ, ਦਰਦ-ਮੁਕਤ ਅਤੇ ਦਰਦ-ਯੁਕਤ, ਹੱਡੀ, ਮਾਸ, ਜਾਂ ਨਾੜ ਦੀਆਂ ਅਤੇ ਪੱਠਿਆਂ ਅਤੇ ਗਲੈਂਡ ਦੀਆਂ ਵੀ ਹੋ ਸਕਦੀਆਂ ਹਨ। ਇਸ ਤੋਂ ਬਿਨਾਂ ਇਹ ਸਾਧਾਰਣ (ਬੈਨਿੰਜ) ਜਾਂ ਅਸਾਧਾਰਣ (ਮੈਲਿਗ਼ਨੈਂਟ) ਵੀ ਹੋ ਸਕਦੀਆਂ ਹਨ। ਛਾਤੀਆਂ ਦੀਆਂ ਗਿਲ੍ਹਟੀਆਂ ਆਮ ਕਰਕੇ ਦੁੱਧ-ਨਸਾਂ ਜਾਂ ਦੁੱਧ ਗ੍ਰੰਥੀਆਂ ਨਾਲ ਵਧੇਰੇ ਜੁੜੀਆਂ ਹੁੰਦੀਆਂ ਹਨ। ਕਈ ਵਾਰ ਇਹ ਪਸੱਲੀਆਂ ਨਾਲ ਵੀ ਜੁੜੀਆਂ ਹੋਈਆਂ ਹੁੰਦੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਹਨਾਂ ਦਾ ਸਰੋਤ ਹੱਡੀ ਦਾ ਵਿਕਾਰ ਹੈ।

ਪਛਾਣ — ਗਿਲ੍ਹਟੀਆਂ ਸਖਤ, ਨਰਮ, ਦਰਦੀਲੀਆਂ ਅਤੇ ਦਰਦਰਹਿਤ, ਛੋਟੀਆਂ ਅਤੇ ਵੱਡੀਆਂ ਸਾਧਾਰਣ ਅਤੇ ਅਸਾਧਾਰਣ ਹੋ ਸਕਦੀਆਂ ਹਨ। ਇਹਨਾਂ ਦੇ ਸਾਧਾਰਣ ਜਾਂ ਅਸਾਧਾਰਣ ਹੋਣ ਦਾ ਪਤਾ ਪੈਥਾਲੋਜੀਕਲ ਟੈਸਟਾਂ ਤੋਂ ਬਿਨਾਂ ਬਾਕੀ ਸਰੀਰ ਦੇ ਕਾਰਜ ਚਿੰਨ੍ਹਾਂ ਤੋਂ ਲਗਦਾ ਹੈ। ਸਾਧਾਰਣ ਹਾਲਤ ਵਾਲੇ ਮਰੀਜ਼ ਨੂੰ ਨਜ਼ਲਾ, ਜ਼ੁਕਾਮ, ਬੁਖਾਰ, ਮਲੇਰੀਆ, ਆਦਿਕ ਸਾਧਾਰਣ ਵਾਂਗ ਹੁੰਦੇ ਰਹੇ ਹੋਣਗੇ। ਇਸੇ ਤਰ੍ਹਾਂ ਉਸ ਨੂੰ ਕਬਜ਼ ਬਹੁਤ ਘੱਟ ਰਹੇਗੀ। ਪਰ ਅਸਾਧਾਰਣ ਪ੍ਰਕਾਰ ਦੇ ਮਰੀਜ਼ ਦੀ ਕਬਜ਼ ਸਥਾਈ ਬੀਮਾਰੀ ਹੋਵੇਗੀ। ਕਈ ਕਈ ਦਿਨ ਟੱਟੀ ਨਹੀਂ ਆਵੇਗੀ। ਕੋਈ ਵੀ ਸਾਧਾਰਣ ਬੀਮਾਰੀ ਤੋਂ ਉਹ ਪ੍ਰਭਾਵ-ਮੁਕਤ ਰਹਿੰਦਾ ਹੈ ਛੋਟੀਆਂ ਬੀਮਾਰੀਆਂ ਉਸ ਨੂੰ ਨਹੀਂ ਹੁੰਦੀਆਂ। ਉਸ ਦੇ ਵਿਰਸੇ ਵਿਚ ਉਸ ਨੂੰ ਆਤਸ਼ਕ ਬੀਮਾਰੀ ਸੋਜ਼ਾਕ ਵਰਗੀਆਂ ਬੀਮਾਰੀਆਂ ਮਿਲੀਆਂ ਹੋਣਗੀਆਂ। ਉਸ ਦੀ ਕਾਮ-ਭੁੱਖ ਲੋੜ ਤੋਂ ਵੱਧ ਹੋਵੇਗੀ। ਜੀਵਨ ਪ੍ਰਤੀ ਉਸ ਦਾ ਨਜ਼ਰੀਆ ਅਸਾਧਾਰਣ ਅਤੇ ਅੱਤ-ਪੱਖੀ ਹੋਵੇਗਾ। ਸੁਭਾਵਿਕ ਤੌਰ 'ਤੇ ਮਰੀਜ਼ ਬਹੁਤ ਚਿੜਚਿੜਾ ਅਤੇ ਆਕੜਖਾਨ ਹੋਵੇਗਾ। ਉਸ ਵਿਚ ਆਤਮ-ਹੱਤਿਆ ਦੀ ਰੁਚੀ ਵੀ ਹੋ ਸਕਦੀ ਹੈ। ਸੁਭਾਅ ਤੋਂ ਜ਼ਿੱਦੀ ਹੋਵੇਗਾ ਇਸ ਪ੍ਰਕਾਰ ਦੀਆਂ ਅਲਾਮਤਾਂ ਜਾਂ ਕਾਰਜ-ਚਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਬੀਮਾਰੀ—ਚਾਹੇ ਪੈਥਾਲੋਜੀਕਲੀ ਸਾਧਾਰਣ ਹੀ ਸਿੱਧ ਕਿਉਂ ਨਾ ਹੋ ਜਾਵੇ, ਪਰ ਅਸਾਧਾਰਣ ਹੁੰਦੀ ਹੈ। ਕੁਝ ਸਮਾਂ ਗੁਜ਼ਰਨ ਮਗਰੋਂ ਟੈਸਟ ਵੀ ਇਸ ਤੱਥ ਦੀ ਪੁਸ਼ਟੀ ਕਰ ਦਿੰਦੇ ਹਨ। ਇਸ ਪ੍ਰਕਾਰ ਦੇ ਕਈ ਕੇਸ ਦੇਖੇ ਗਏ ਹਨ।

(ਬਾਕੀ ਅਗਲੇ ਅੰਕ ਵਿਚ)

ਸ੍ਰੀ ਅਕਾਲ ਤਖਤ ਦੀ ਕਾਰ ਸੇਵਾ

ਹਰਬੀਰ ਸਿੰਘ ਭੰਵਰ

ਅੰਮ੍ਰਿਤਸਰ — ਸਿੱਖਾਂ ਦੀ ਸਰਵਉਚ ਧਾਰਮਿਕ ਅਤੇ ਰਾਜਨੀਤਕ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ, ਜਿਸ ਦੀ ਕਾਰ ਸੇਵਾ ਸ਼ੁਰੂ ਹੈ, ਆਪਣੇ ਆਪ ਵਿਚ ਪਿਛਲੇ ਪੌਣੇ ਚਾਰ ਸੌ ਵਰ੍ਹਿਆਂ ਦਾ ਸ਼ਾਨਦਾਰ ਤੇ ਮਾਨਾਂ ਮੱਤਾ ਇਤਿਹਾਸ ਸਾਂਭੀ ਬੈਠਾ ਹੈ।



ਅਕਾਲ ਤਖਤ ਦੀ ਇਮਾਰਤ ਨੂੰ ਜੂਨ 1984 ਵਿਚ ਆਪਰੇਸ਼ਨ ਬਲਿਊ ਸਟਾਰ ਵਿਚ ਬਹੁਤ ਭਾਰੀ ਨੁਕਸਾਨ ਪਹੁੰਚਿਆ ਅਤੇ ਇਸ ਦੀ ਮੁਰੰਮਤ ਨਿਹੰਗ ਨੇਤਾ ਬਾਬਾ ਸੰਤਾ ਸਿੰਘ ਨੇ ਸਰਕਾਰ ਨਾਲ ਮਿਲ ਕੇ ਫੌਜ ਦੀ ਛਾਂ ਹੇਠ ਕਰਵਾਈ ਅਤੇ ਇਸ ਉਤੇ ਛੇ ਕਰੋੜ ਰੁਪਏ ਲੱਗੇ। 29 ਸਤੰਬਰ 1984 ਨੂੰ ਤਖਤ ਦੀ ਇਮਾਰਤ ਸਿੰਘ ਸਾਹਿਬਾਨ ਦੇ ਹਵਾਲੇ ਕਰ ਦਿੱਤੀ ਗਈ। ਬਾਬਾ ਸੰਤਾ ਸਿੰਘ ਨੂੰ ਇਸ ਦੇ ਬਦਲੇ ਸਿੱਖ ਪੰਥ ਵਿਚੋਂ 22 ਜੁਲਾਈ ਨੂੰ ਖਾਰਜ ਕਰ ਦਿਤਾ ਗਿਆ। ਉਸ ਉਤੇ ਦੋਸ਼ ਲਾਇਆ ਗਿਆ ਕਿ ਉਸ ਨੇ ਕਾਰ ਸੇਵਾ ਸਿੱਖ ਰਵਾਇਤਾਂ ਦੀ ਉਲੰਘਣਾ ਕਰ ਕੇ ਕਰਵਾਈ। ਇਕ ਹਜ਼ਾਰ ਇੰਜਨੀਅਰਾਂ ਅਤੇ ਮਜ਼ਦੂਰਾਂ ਨੇ 60 ਦਿਨਾਂ ਦੇ ਰੀਕਾਰਡ ਸਮੇਂ ਵਿਚ ਇਸ ਨੂੰ ਸੰਪੂਰਨ ਕੀਤਾ।

ਸਿੰਘ ਸਾਹਿਬਾਨ ਨੇ ਤਖਤ ਦੀ ਇਮਾਰਤ ਮੁੜ ਉਸਾਰਨ ਬਾਰੇ 17 ਜੂਨ 1984 ਨੂੰ ਫੈਸਲਾ ਕੀਤਾ। ਸ਼ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ ਵੀ ਉਸੇ ਸਾਲ 29 ਜੁਲਾਈ ਨੂੰ ਇਸ ਫੈਸਲੇ ਦੀ ਪੁਸ਼ਟੀ ਕੀਤੀ।

ਪਿਛਲੇ ਹਫਤੇ 'ਕਾਰ ਸੇਵਾ ਨੂੰ ਕੌਣ ਕਰੇ' ਦੇ ਸਵਾਲ ਉਤੇ ਸਿੱਖ ਪੰਥ ਵਿਚ ਤਿੱਖੇ ਮਤਭੇਦ ਪੈਦਾ ਹੋ ਗਏ ਸਨ ਜਿਸ ਦੇ ਸਿੱਟੇ ਵਜੋਂ ਪਿਛਲੇ ਐਤਵਾਰ ਨੂੰ ਦਰਬਾਰ ਸਾਹਿਬ ਵਿਚ ਹਥਿਆਰਬੰਦ ਝੜਪ ਵੀ ਹੋ ਗਈ ਸੀ।

ਹੁਕਮਰਾਨ ਅਕਾਲੀ ਦਲ (ਲੌਂਗੋਵਾਲ) ਨੇ ਜਿਸ ਦਾ ਸ਼ਰੋਮਣੀ ਕਮੇਟੀ ਉਤੇ ਵੀ ਕੰਟਰੋਲ ਹੈ, ਆਖਰ 22 ਜਨਵਰੀ ਨੂੰ ਆਪਣੀ ਮੀਟਿੰਗ ਵਿਚ ਕਾਰ ਸੇਵਾ ਸ਼ੁਰੂ ਕਰਨ ਦੇ ਸਵਾਲ ਉਤੇ ਦਮਦਮੀ ਟਕਸਾਲ ਅੱਗੇ ਸਿਰ ਝੁਕਾ ਦਿਤਾ।

ਬੀਤੇ ਵਿਚ ਵੀ ਦਰਬਾਰ ਸਾਹਿਬ ਵਾਂਗ ਅਕਾਲ ਤਖਤ ਵੀ ਅਫਗਾਨ ਹਮਲਾਵਰਾਂ ਵਲੋਂ ਕਈ ਵਾਰ ਢਾਹਿਆ ਗਿਆ, ਪਰ ਸਿੱਖ ਹਰ ਵਾਰ ਢਾਹੇ ਜਾਣ ਦੇ ਤੁਰੰਤ ਪਿਛੋਂ ਇਸ ਨੂੰ ਮੁੜ ਉਸਾਰ ਲੈਂਦੇ ਸਨ।

1606 ਵਿਚ ਇਸ ਤਖਤ ਦੀ ਨੀਂਹ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਰੱਖੀ। ਉਸ ਸਮੇਂ ਜਹਾਂਗੀਰ ਦਾ ਰਾਜ ਸੀ। ਇਸ ਦੀ ਸਥਾਪਨਾ ਨੇ ਪੰਜਾਬ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿਤਾ। ਇਸ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ। ਇਸ ਪਿਛੋਂ ਉਨ੍ਹਾਂ ਦੇ ਪੁੱਤਰ ਗੁਰੂ ਹਰਗੋਬਿੰਦ ਸਾਹਿਬ ਗੱਦੀ ਉਤੇ ਬੈਠੇ ਅਤੇ ਉਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਜਿਸ ਦਾ ਮਤਲਬ ਇਹ ਸੀ ਕਿ ਸਿੱਖਾਂ ਦੀ ਧਰਮ ਤੇ ਰਾਜਨੀਤੀ ਇਕ ਹੈ।

ਇਸੇ ਹੀ ਥਾਂ ਤੋਂ ਗੁਰੂ ਸਾਹਿਬ ਵਲੋਂ 'ਹੁਕਮਨਾਮੇ' ਜਾਰੀ ਹੋਣ ਲੱਗੇ ਤੇ ਸਿੱਖ ਸੰਗਤਾਂ ਨੂੰ ਹੁਕਮ ਦਿਤਾ ਗਿਆ ਕਿ ਉਹ ਭਵਿਖ ਵਿਚ ਵਧੀਆ ਨਸਲ ਦੇ ਘੋੜੇ ਤੇ ਹਥਿਆਰ ਹੀ ਪੇਸ਼ ਕਰਿਆ ਕਰਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੋ: ਮਦਨਜੀਤ ਕੌਰ ਅਨੁਸਾਰ ਅਕਾਲ ਤਖਤ ਦੀ ਸਥਾਪਨਾ ਪਿਛੋਂ ਦਰਬਾਰ ਸਾਹਿਬ ਦੇ ਇਤਿਹਾਸ ਨੇ ਇਕ ਨਵਾਂ ਮੋੜ ਲਿਆ ਜਿਸ ਦੇ ਅੱਗੋਂ ਜਾ ਕੇ ਦੂਰ ਰਸ ਸਿੱਟੇ ਨਿਕਲੇ।

ਸ਼ੁਰੂ ਵਿਚ ਇਸ ਥਾਂ ਉਤੇ ਇਕ ਵੱਡਾ ਥੜ੍ਹਾ ਹੀ ਸੀ ਤੇ ਇਸ ਦੇ ਅੱਗੇ ਖੁਲ੍ਹੀ ਥਾਂ ਵਿਚ ਦੀਵਾਨ ਸਜਦੇ ਤੇ ਸਿੱਖ ਪ੍ਰਾਰਥਨਾ ਕਰਨ ਦੀ ਥਾਂ ਆਪਣੇ ਮਸਲਿਆਂ ਬਾਰੇ ਸੋਚਣ ਲੱਗੇ। ਗੁਰੂ ਸਾਹਿਬ ਇਸ ਥੜ੍ਹੇ ਉਤੇ ਬੈਠ ਕੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕਰਦੇ ਅਤੇ ਕਿਸੇ ਦੀ ਜੁਰਅਤ ਨਹੀਂ ਸੀ ਹੁੰਦੀ ਕਿ ਉਹ ਹੁਕਮਨਾਮੇ ਦੀ ਉਲੰਘਣਾ ਕਰੇ। ਸਿੱਖਾਂ ਵਿਚ ਰਵਾਇਤ ਹੈ ਕਿ ਉਹ ਆਪਣੀਆਂ ਧਾਰਮਿਕ ਇਮਾਰਤਾਂ ਦੀ ਉਸਾਰੀ ਵਿਚ ਆਪਣੀ ਕਮਾਈ ਦਾ ਦਸਵਾਂ ਹਿੱਸਾ ਖਰਚ ਕਰਦੇ ਹਨ ਜਿਸ ਨੂੰ 'ਦਸਬੰਧ' ਕਹਿੰਦੇ ਹਨ।

ਗੁਰੂ ਹਰਗੋਬਿੰਦ ਸਾਹਿਬ ਨੇ ਫੌਜ ਰੱਖਣੀ ਸ਼ੁਰੂ ਕਰ ਦਿੱਤੀ ਅਤੇ ਇਸੇ ਅਕਾਲ ਤਖਤ ਉਤੇ ਢਾਡੀ ਵਾਰਾਂ ਗਾਉਂਦੇ ਅਤੇ ਲੋਕਾਂ ਨੂੰ ਜ਼ੁਲਮ ਦੇ ਵਿਰੁੱਧ ਲੜਨ ਲਈ ਤਿਆਰ ਕਰਦੇ।

18ਵੀਂ ਸਦੀ ਵਿਚ ਅਕਾਤ ਤਖਤ ਹੋਰ ਵੀ ਅਹਿਮੀਅਤ ਅਖਤਿਆਰ ਕਰ ਗਿਆ। ਸਿੱਖ ਲੱਖ ਮੁਸ਼ਕਲਾਂ ਤੇ ਮੁਸੀਬਤਾਂ ਦੇ ਬਾਵਜੂਦ ਦੀਵਾਲੀ ਤੇ ਵਿਸਾਖੀ ਨੂੰ ਅਕਾਲ ਤਖਤ ਤੇ ਇਕੱਠੇ ਹੁੰਦੇ ਅਤੇ ਉਥੇ ਸਿੱਖ ਕੌਮ ਦੇ ਮਸਲਿਆਂ ਬਾਰੇ ਗੰਭੀਰ ਵਿਚਾਰਾਂ ਹੁੰਦੀਆਂ ਅਤੇ ਜੋ ਉਹ ਫੈਸਲਾ ਕਰਦੇ ਇਸ ਨੂੰ 'ਗੁਰਮਤਾ' ਕਿਹਾ ਜਾਂਦਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਸ ਦੀ ਮਹੱਤਤਾ ਹੋਰ ਵਧੀ। ਉਸ ਨੇ ਅਕਾਲ ਤਖਤ ਦੀ ਮੌਜੂਦਾ ਇਮਾਰਤ ਬਣਾਈ ਅਤੇ ਮਹਾਨ ਸਿੱਖ ਜਰਨੈਲ ਅਕਾਲੀ ਫੂਲਾ ਸਿੰਘ ਨੂੰ ਇਸ ਦਾ ਪਹਿਲਾ ਜਥੇਦਾਰ ਥਾਪਿਆ। ਇਹ ਗੱਲ 1799 ਈਸਵੀ ਦੀ ਹੈ।

ਅਕਾਲ ਤਖਤ ਦੀ ਇਮਾਰਤ ਵਿਚ ਕੀਤੀ ਮੀਨਾਕਾਰੀ ਕਲਾ ਦੀਆਂ ਸਿਖਰਾਂ ਛੂੰਹਦੀ ਹੈ। ਭਾਵੇਂ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਸਮੇਂ ਇਮਾਰਤ ਦਾ ਨੁਕਸਾਨ ਹੋਇਆ ਤਾਂ ਵੀ ਇਸ ਦੀ ਅੰਦਰੂਨੀ ਮੀਨਾਕਾਰੀ ਸੁਰੱਖਿਅਤ ਰਹੀ।

ਜਿਹੜੇ ਵਿਅਕਤੀ ਅਕਾਲ ਤਖਤ ਦੇ ਜਥੇਦਾਰ ਰਹੇ ਹਨ, ਉਨ੍ਹਾਂ ਵਿਚ ਜਥੇਦਾਰ ਤੇਜਾ ਸਿੰਘ ਭੁੱਚਰ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਜਥੇਦਾਰ ਮੋਹਨ ਸਿੰਘ ਨਾਗੋਕੇ, ਜਥੇਦਾਰ ਅੱਛਰ ਸਿੰਘ, ਗਿਆਨੀ ਚੇਤ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਗਿਆਨੀ ਕਿਰਪਾਲ ਸਿੰਘ, ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਸ਼ਾਮਲ ਹਨ।

ਮੌਜੂਦਾ ਜਥੇਦਾਰ ਦਾ ਨਾਂ ਗਿਆਨੀ ਕਿਰਪਾਲ ਸਿੰਘ ਹੈ। ਅਕਾਲ ਤਖਤ ਦੇ ਉਪਰਲੇ ਗੁੰਬਦ ਦੀ ਸੇਵਾ ਸਿੱਖ ਜਰਨੈਲ ਹਰੀ ਸਿੰਘ ਨਲਵਾ ਨੇ ਕੀਤੀ। ਉਹ ਇਸ ਨੂੰ ਇਕ ਦਿਲਖਿਚ ਤੇ ਖੂਬਸੂਰਤ ਇਮਾਰਤ ਬਨਾਉਣਾ ਚਾਹੁੰਦੇ ਸਨ।

ਅਕਾਲ ਤਖਤ ਦਾ ਤਖਤ ਆਗਾਰਾ ਤੇ ਦਿੱਲੀ ਵਿਚ ਬਣੇ ਤਖਤਾਂ ਨਾਲੋਂ ਵੱਡਾ ਹੈ।

ਅਕਾਲ ਤਖਤ ਕੁਝ ਇਸ ਤਰ੍ਹਾਂ ਦੀ ਪਵਿਤਰ ਸੰਸਥਾ ਹੈ ਜਿਥੇ ਸਿੱਖ ਆਪਣੀਆਂ ਭੁੱਲਾਂ ਬਖਸ਼ਾਉਂਦੇ ਹਨ ਜਿਥੇ ਹੁਕਮਨਾਮਿਆਂ ਅੱਗੇ ਸਿਰ ਝੁਕਾਇਆ ਜਾਂਦਾ ਹੈ।

18ਵੀਂ ਸਦੀ ਵਿਚ ਨਵਾਬ ਕਪੂਰ ਸਿੰਘ, ਸ. ਜੱਸਾ ਸਿੰਘ ਆਹਲੂਵਾਲੀਆ, ਸ. ਲਹਿਣਾ ਸਿੰਘ ਅਤੇ ਸ. ਚੜ੍ਹਤ ਸਿੰਘ ਨੇ ਇਸ ਦੀ ਮਹਾਨਤਾ ਨੂੰ ਚਾਰ ਚੰਨ ਲਾਏ।

ਬਰਤਾਨਵੀ ਰਾਜ ਸਮੇਂ ਸਿੱਖ ਜਗਤ ਦੇ ਮਹੱਤਵਪੂਰਨ ਮੋਰਚੇ ਇਸੇ ਥਾਂ ਤੋਂ ਸ਼ੁਰੂ ਹੋਏ ਜਿਨ੍ਹਾਂ ਵਿਚ ਗੁਰਦੁਆਰਾ ਸੁਧਾਰ ਲਹਿਰ, ਗੁਰੂ ਕੇ ਬਾਗ ਦਾ ਮੋਰਚਾ ਅਤੇ ਜੈਤੋ ਦਾ ਮੋਰਚਾ ਪ੍ਰਸਿੱਧ ਹਨ। ਪੰਜਾਬੀ ਸੂਬੇ ਦੇ ਅੰਦੋਲਨ ਤੇ ਧਰਮ ਯੁੱਧ ਮੋਰਚਾ ਵੀ ਇਸੇ ਥਾਂ ਤੋਂ ਸ਼ੁਰੂ ਹੋਇਆ ਜਿਸ ਦਾ ਅੰਤ ਅਕਾਲ ਤਖਤ ਦੀ ਤਬਾਹੀ ਵਿਚ ਨਿਕਲਿਆ।


ਜਿਸ ਡਾਲੀਆਂ ਤੇ ਫੁੱਲ ਝੰਬ
ਮਹਿਕਾਂ ਉੱਜੜ ਗਈਆਂ
ਪੌਣਾਂ ਰੁੱਖਾਂ ਦੀ ਪੱਤ ਲਾਹੀ
ਦਰਦ ਕਰਵਟਾਂ ਲਈਆਂ।

ਜਿਸ ਦਿਨ ਜਰਵਾਣੇ ਬਹੁਕਰ ਨੇ
ਹੂੰਝ ਸੋਹਬਤਾਂ ਲਈਆਂ
ਵੇਖੋ, ਸਬਰ-ਸ਼ੁਕਰ ਦੀਆਂ ਗੱਲਾਂ
ਪੈਂਦੀਆਂ ਲੈ-ਲੈ ਝਈਆਂ।

ਜਿਸ ਦਿਨ ਵਿਹੜੇ ਬਲਗਮ ਥੁੱਕਦਾ
ਬਿਰਧ ਜਿਹਾ ਪਰਛਾਵਾਂ
ਕੰਧਾਂ ਕੋਲੋਂ ਪੁੱਛਦਾ ਫਿਰਦਾ
ਬੱਚਿਆਂ ਦਾ ਸਰਨਾਵਾਂ।



ਫ਼ਿਲਮ ਲੋਕ



'ਪੰਜਾਬੀ ਫਿਲਮਾਂ ਦੇ ਮਾਮਲੇ 'ਚ ਅਸੀਂ ਉਥੇ ਹੀ ਖੜੇ ਹਾਂ ਜਿਥੋਂ ਚੱਲੇ ਸਾਂ'

ਬੂਟਾ ਸਿੰਘ ਸ਼ਾਦ

ਅੱਜ ਬੂਟਾ ਸਿੰਘ ਸ਼ਾਦ ਦੀ ਗਿਣਤੀ ਹਿੰਦੀ ਦੇ ਪ੍ਰਸਿੱਧ ਨਿਰਮਾਤਾਵਾਂ ਵਿਚ ਕੀਤੀ ਜਾਂਦੀ ਹੈ। 'ਨਿਸ਼ਾਨ' ਦੀ ਸਫਲਤਾ ਉਸ ਨੂੰ ਸੁਰੰਗ ਹੋਟਲ ਦੇ ਨਿਕੇ ਜਿਹੇ ਕਮਰੇ ਚੋਂ ਕੱਢ ਕੇ ਵਰਸੋਵਾ ਸਮੁੰਦਰੀ ਤੱਟ ਤੇ ਸਥਿਤ ਇਕ ਬਿਲਡਿੰਗ ਦੇ ਖੂਬਸੂਰਤ ਫਲੈਟ ਵਿਚ ਲੈ ਆਈ ਹੈ।



ਉਸ ਨਾਲ ਬਿਤਾਈ ਇਕ ਸ਼ਾਮ ਦੌਰਾਨ ਉਸ ਦੀਆਂ ਫਿਲਮਾਂ ਸੰਘਰਸ਼ ਤੇ ਅਗਲੀ ਪਲੈਨਿੰਗ ਬਾਰੇ ਕਾਫੀ ਖੁਲ੍ਹੀ ਗੱਲਬਾਤ ਹੋਈ :

? ਪੰਜਾਬੀ ਫਿਲਮਾਂ ਬਣਾਉਂਦਿਆਂ ਬਣਾਉਂਦਿਆਂ ਤੁਹਾਨੂੰ ਹਿੰਦੀ ਫਿਲਮ ਬਨਾਉਣ ਦੀ ਕਿਵੇਂ ਸੁਝੀ ਤੇ ਉਹ ਵੀ ਏਨੀ ਵੱਡੀ ਸਟਾਰ-ਕਾਸਟ ਫਿਲਮ ਦੀ?

— ਇਹ ਠੀਕ ਹੈ ਕਿ ਪੰਜਾਬੀ ਫਿਲਮਾਂ ਦਾ ਸ਼ੌਕ ਹੀ ਮੈਨੂੰ ਪੰਜਾਬੋਂ ਬੰਬਈ ਪੱਟ ਕੇ ਲਿਆਇਆ ਸੀ। ਮੇਰੀ ਪਹਿਲੀ ਫਿਲਮ 'ਕੁਲੀ ਯਾਰ ਦੀ' ਸੀ। ਇਸ ਪਿਛੋਂ ਨਿਰਮਾਤਾ ਨਿਰਦੇਸ਼ਕ ਦੇ ਤੌਰ ਤੇ ਮੈਂ 'ਮਿੱਤਰ ਪਿਆਰੇ ਨੂੰ' 'ਸੱਚਾ ਰੂਪ ਹੈ' ਤੇ 'ਗਿੱਧਾ' ਫਿਲਮਾਂ ਬਣਾਈਆਂ। 'ਧਰਤੀ ਸਾਡੀ ਮਾਂ' ਤੇ 'ਸੈਦਾ ਜੋਗਣ' ਦਾ ਨਿਰਦੇਸ਼ਨ ਦਿਤਾ। ਮੇਰੀ ਫਿਲਮ 'ਮਿੱਤਰ ਪਿਆਰੇ ਨੂੰ' ਰਾਹੀਂ ਅੱਜ ਦੀਆਂ ਪੰਜਾਬੀ ਫਿਲਮਾਂ ਦਾ ਸੁਪਰ ਕਮੇਡੀਅਨ ਮੇਹਰ ਮਿੱਤਲ ਲੋਕਾਂ ਦੀ ਨਜ਼ਰੀਂ ਚੜ੍ਹਿਆ ਤੇ ਉਸ ਦਾ ਤਕੀਆ ਕਲਾਮ 'ਮਾਰਿਆ ਕੁੱਕੜ' ਪਾ ਦਿਓ ਮੰਡੇ ਤੇ ਉਡਾ ਦਿਓ ਤੋਤੇ' ਅੱਜ ਤੱਕ ਮਸ਼ਹੂਰ ਹੈ। ਲੇਕਿਨ ਏਨੀਆਂ ਪੰਜਾਬੀ ਫਿਲਮਾਂ ਬਨਾਉਣ ਪਿਛੋਂ ਵੀ ਇਹੀ ਨਜ਼ਰ ਆਉਂਦਾ ਸੀ ਕਿ ਅਸੀਂ ਜਿਥੋਂ ਚਲੇ ਸਾਂ ਉਥੇ ਹੀ ਖੜੇ ਹਾਂ। ਪੰਜਾਬੀ ਫਿਲਮਾਂ ਨੂੰ ਸਰਕਾਰ ਵਲੋਂ ਕੋਈ ਉਤਸ਼ਾਹ ਨਹੀਂ ਮਿਲਦਾ ਤੇ ਨਾ ਹੀ ਫਾਈਨੈਂਸਰ ਪੈਸਾ ਦੇਣ ਨੂੰ ਤਿਆਰ ਹੁੰਦੇ ਹਨ। ਫਿਲਮ ਵੇਚਣ ਲਈ ਵਿਤਰਕਾਂ ਦੇ ਦਫਤਰਾਂ ਦੇ ਚੱਕਰ ਮਾਰ ਮਾਰ ਕੇ ਪੰਜਾਬੀ ਨਿਰਮਾਤਾਵਾਂ ਦੀਆਂ ਜੁੱਤੀਆਂ ਘਸ ਜਾਂਦੀਆਂ ਹਨ। ਜਿਥੋਂ ਤਕ ਵੱਡੀ ਹਿੰਦੀ ਫਿਲਮ ਬਨਾਉਣ ਦਾ ਸਬੰਧ ਹੈ, ਦਰਅਸਲ 'ਨਿਸ਼ਾਨ' ਤੋਂ ਪਹਿਲਾਂ ਮੈਂ ਇਕ ਛੋਟੀ ਹਿੰਦੀ ਫਿਲਮ 'ਕੋਰਾ ਬਦਨ' ਬਣਾ ਚੁੱਕਾ ਸਾਂ ਜੋ ਫੇਲ੍ਹ ਹੋ ਗਈ ਸੀ। ਇਹ ਇਕ ਕੌੜਾ ਤਜਰਬਾ ਸੀ ਹਾਲਾਂ ਕਿ ਵੱਡੀ ਹਿੰਦੀ ਫਿਲਮ ਦੇ ਨਿਰਮਾਣ ਦੌਰਾਨ ਮੈਨੂੰ ਬੜੀਆਂ ਮੁਸ਼ਕਲਾਂ ਪੇਸ਼ ਆਈਆਂ।

? ਪਤਾ ਲਗਾ ਸੀ ਕਿ ਰਾਸ਼ਟਰਪਤੀ ਜੀ ਦੇ ਖਾਨਦਾਨ ਵਿਚੋਂ ਬਬੂ 'ਇੰਦਰਜੀਤ' ਤੁਹਾਡੀ ਫਿਲਮ 'ਤਬਾਹੀ' ਰਾਹੀਂ ਫਿਲਮੀ ਦੁਨੀਆਂ ਵਿਚ ਪ੍ਰਵੇਸ਼ ਕਰ ਰਿਹਾ ਹੈ ਲੇਕਿਨ 'ਤਬਾਹੀ' ਦੀ ਚਰਚਾ ਮੁੜ ਕੇ ਨਹੀਂ ਹੋਈ।

— 'ਤਬਾਹੀ' ਇਕ ਬਹੁਤ ਵੱਡੇ ਬਜਟ ਦੀ ਮਲਟੀਸਟਾਰ ਫਿਲਮ ਹੈ ਜਿਸ ਵਿਚ ਬੱਬੂ ਦਾ ਬੜਾ ਜ਼ਬਰਦਸਤ ਰੋਲ ਹੈ। ਬੱਬੂ ਅਜੇ ਐਕਟਿੰਗ ਦੀ ਟਰੇਨਿੰਗ ਲੈ ਰਿਹਾ ਹੈ। ਜਿਸ ਦਿਨ ਟਰੇਨਿੰਗ ਮੁਕੰਮਲ ਹੋ ਜਾਏਗੀ, ਫਿਲਮ 'ਤਬਾਹੀ' ਸ਼ੁਰੂ ਹੋ ਜਾਏਗੀ। ਇਹ ਫਿਲਮ ਮੇਰੇ ਨਾਵਲ 'ਅੱਧੀ ਰਾਤ ਪਹਿਰ ਦਾ ਤੜਕਾ' ਤੇ ਅਧਾਰਤ ਹੈ।

ਜਨਵਰੀ ਵਿਚ 'ਹਿੰਮਤ ਔਰ ਮਿਹਨਤ' ਸ਼ੁਰੂ ਕਰ ਰਿਹਾ ਹਾਂ। ਮਦਰਾਸ ਦਾ ਪ੍ਰਸਿੱਧ ਨਿਰਦੇਸ਼ਕ ਕੇ.ਬਪੱਈਆ ਇਸ ਫਿਲਮ ਦਾ ਨਿਰਦੇਸ਼ਕ ਹੈ। ਜਤਿੰਦਰ ਤੇ ਸ੍ਰੀ ਦੇਵੀ ਦੀ ਮੁਖ ਜੋੜੀ ਹੈ।

? ਕੋਈ ਨਵੀਂ ਪੰਜਾਬੀ ਫਿਲਮ ਬਨਾਉਣ ਬਾਰੇ ਨਹੀਂ ਸੋਚਿਆ?

— ਅਜੇ ਨਹੀਂ। ਪੰਜਾਬੀ ਵਿਚ ਵੱਡੀਆਂ ਵੱਡੀਆਂ ਫਿਲਮਾਂ ਬਣ ਸਕਦੀਆਂ ਹਨ ਜੇਕਰ ਸਰਕਾਰ ਪੰਜਾਬੀ ਫਿਲਮ ਇੰਡਸਟਰੀ ਨੂੰ ਮਹਾਂਰਾਸ਼ਟਰ ਤੇ ਗੁਜਰਾਤ ਸਰਕਾਰਾਂ ਵਾਂਗ ਉਤਸ਼ਾਹਤ ਕਰੇ। ਜੇਕਰ ਦੂਜੀਆਂ ਭਾਸ਼ਾਵਾਂ ਜਿੰਨੀਆਂ ਸਹੂਲਤਾਂ ਪੰਜਾਬੀ ਫਿਲਮਾਂ ਨੂੰ ਮਿਲਣ ਤਾਂ ਪੰਜਾਬੀ ਫਿਲਮਾਂ ਸਭ ਭਾਸ਼ਾਵਾਂ ਦੀਆਂ ਫਿਲਮਾਂ ਨਾਲੋਂ ਜ਼ਿਆਦਾ ਬਣਨਗੀਆਂ ਤੇ ਵਧੀਆਂ ਬਣਨਗੀਆਂ।

—ਇਕਬਾਲ



ਅੰਮ੍ਰਿਤਾ ਸਿੰਘ

ਨਵੀਂ ਆ ਰਹੀ ਫਿਲਮ ਕੁੜਮਾਈ

ਛੋਰੇਸ਼ਾਹ ਫਿਲਮਜ਼ ਦੇ ਬੈਨਰ ਹੇਠ ਦਿੱਲੀ ਦੇ ਬਲਰਾਜ ਕਪੂਰ ਨੇ ਪਿਛਲੇ ਦਿਨੀਂ ਆਪਣੀ ਪਲੇਠੀ ਪੰਜਾਬੀ ਫਿਲਮ 'ਕੁੜਮਾਈ' ਦੀ ਸ਼ੂਟਿੰਗ ਦਿੱਲੀ ਤੇ ਇਸ ਦੇ ਨੇੜੇ ਤੇੜੇ ਦੇ ਕੁਝ ਕੁ ਪਿੰਡਾਂ ਵਿਚ ਪੂਰੀ ਕੀਤੀ। ਇਸ ਦੀ ਕਹਾਣੀ ਖਾਬਰ ਜਮਾਨ ਦੀ ਹੈ ਤੇ ਸੰਵਾਦ ਵੀ ਉਸਦੇ ਹੀ ਲਿਖੇ ਹਨ। ਇਸ ਫਿਲਮ ਦੀ ਕਹਾਣੀ ਮੁਖ ਰੂਪ ਵਿਚ ਇਕ ਪੇਂਡੂ ਭੋਲੇ ਭਾਲੇ ਮੁੰਡੇ ਦੀ ਹੈ ਜਿਹੜਾ ਸ਼ਹਿਰ ਵਿਚ ਆ ਕੇ ਬਦਮਾਸ਼ਾਂ ਦੇ ਚੁੰਗਲ ਵਿਚ ਫਸ ਕੇ ਗੈਰਕਾਨੂੰਨੀ ਕੰਮ ਵੀ ਕਰਦਾ ਹੈ। ਫਿਲਮੀ ਫਾਰਮੂਲੇ ਮੁਤਾਬਿਕ ਉਸ ਦਾ ਪਿਆਰ ਸ਼ਹਿਰ ਦੀ ਕੁੜੀ ਨਾਲ ਹੀ ਹੁੰਦਾ ਹੈ।

ਦੋ ਜ਼ਿੱਦੀ ਮਾਪਿਆਂ ਦੀ ਜ਼ਿੱਦ 'ਚ ਕੁੜਮਾਈ ਦਾ ਟੁਟਣਾ ਤੇ ਅੰਤ ਵਿਚ ਨਾਇਕ ਨਾਇਕਾ ਦਾ ਮਿਲਣਾ ਫਿਲਮ ਦਾ ਇਹੀ ਮੁਖ ਵਿਸ਼ਾ ਕਿਹਾ ਜਾ ਸਕਦਾ ਹੈ

'ਕੁੜਮਾਈ' ਦਾ ਹੀਰੋ ਮੋਹਨ ਕੁਮਾਰ ਹੈ ਜੋ ਪੰਜਾਬੀ ਫਿਲਮਾਂ ਲਈ ਨਵਾਂ ਚੇਹਰਾ ਹੈ। ਉਸ ਦੀ ਪਹਿਲੀ ਪੰਜਾਬੀ ਫਿਲਮ 'ਰੱਖੜੀ' ਤਿਆਰ ਹੈ। ਕਹਾਣੀ 'ਪਹਿਚਾਣ' ਫਿਲਮ ਨਾਲ ਮਿਲਦੀ ਜੁਲਦੀ ਹੋਣ ਕਾਰਣ ਹੀਰੋ ਨੂੰ ਮਨੋਜ ਕੁਮਾਰ ਬਨਾਉਣ ਦੀ ਕੋਸ਼ਿਸ਼ ਵਿਚ ਕਹਾਣੀਕਾਰ ਨੇ ਕੋਈ ਕਸਰ ਨਹੀਂ ਛੱਡੀ। ਫਿਲਮ ਦੀ ਹੀਰੋਇਨ ਪੰਜਾਬੀ ਫਿਲਮਾਂ ਦੀ ਜਾਣੀ ਪਛਾਣੀ ਅਭਿਨੇਤਰੀ ਰਮਾ ਵਿਜ਼ ਹੈ। ਜੋ ਮਾਡਰਨ ਕਪੜਿਆਂ ਵਿਚ ਪੂਰੀ ਜਚੀ ਹੈ ਤੇ ਨਿਰਦੇਸ਼ਕ ਨੇ ਉਸ ਦੀਆਂ ਡਰੈਸਾਂ ਦਾ ਖਾਸ ਖਿਆਲ ਰਖਿਆ ਹੈ। ਫਿਲਮ ਦਾ ਸਾਈਡ ਹੀਰੋ ਵਿਜੇ ਤੇ ਸਾਈਡ ਹੀਰੋਇਨ ਨੀਰੂ ਸੈਣੀ ਹੈ। ਦੋਵੇਂ ਨਵੇਂ ਚੇਹਰੇ ਹਨ ਤੇ ਇਸੇ ਲਈ ਨਿਰਦੇਸ਼ਕ ਨੇ ਇਕ ਗਾਣਾ ਵੀ ਇਸ ਜੋੜੀ ਤੇ ਪਾ ਦਿਤਾ ਹੈ।

ਕੁੜਮਾਈ ਦਾ ਖਲਨਾਇਕ ਪੀ. ਹਰਜਾਈ ਹੈ। ਮਿਹਰ ਮਿੱਤਲ ਦਾ ਹੋਣਾ ਤਾਂ ਜ਼ਰੂਰੀ ਹੈ ਹੀ ਸਗੋਂ ਫਿਲਮ ਦੇ ਕਮੇਡੀ ਡਾਇਲਾਗ (ਦੋਹਰੇ ਅਰਥੀ ਸਹੀ) ਉਸ ਖੁਦ ਲਿਖੇ ਤੇ ਡਾਇਰੈਕਟ ਵੀ ਕੀਤੇ ਹਨ ਤੇ ਉਸ ਨਾਲ ਗੁੱਡੂ, ਜਗਤਾਰ ਪਹਿਲਵਾਨ, ਸਮੀਰਾ ਬਗਰ ਤੇ ਕਮਲਾ ਸਹਿਯੋਗੀ ਕਲਾਕਾਰ ਹਨ।

ਫਿਲਮ ਵਿਚ ਗਲੈਮਰ ਭਰਨ ਲਈ ਸ਼ਸ਼ੀ ਪੂਜਾ ਬਖਸ਼ੀ ਵਰਗੀ ਚੁਲਬਲੀ ਕੁੜੀ ਤੇ ਸਮੀਰਾ ਬਗਰ ਨੂੰ ਰਖਿਆ ਗਿਆ ਹੈ ਤੇ ਜੇ. ਸਿੰਘ ਦੇ ਕੈਮਰੇ ਨੇ ਆਪਣੀ ਪੂਰੀ ਪੂਰੀ ਅੱਖ ਖੋਹਲ ਕੇ ਉਨ੍ਹਾਂ ਦੇ ਗਲੈਮਰ ਨੂੰ ਵਧ ਤੋਂ ਵਧ ਕੈਦ ਕਰਨ ਦਾ ਯਤਨ ਕੀਤਾ ਹੈ। ਗੀਤ ਸ਼ਬਾਬ ਅਲਾਵਲਪੁਰੀ ਦੇ ਹਨ ਤੇ ਸੰਗੀਤ ਐਸ. ਮਦਨ ਨੇ ਤਿਆਰ ਕੀਤਾ ਹੈ।



ਮੋਹਨ ਕੁਮਾਰ ਤੇ ਰਮਾ ਵਿਜ

ਕਮਿਸ਼ਨਾਂ ਦੇ ਪਹੀਏ

26 ਜਨਵਰੀ ਨੇ ਇਸ ਵਾਰ ਪੰਜਾਬ ਤੇ ਹਰਿਆਣਾ ਲਈ ਇਸ ਦੀ ਆਪਣੀ ਹੀ ਇਤਿਹਾਸਕ ਮਹੱਤਤਾ ਬਣਾ ਰੱਖੀ। ਇਹ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਚੰਡੀਗੜ੍ਹ ਬਦਲੇ ਹਰਿਆਣਾ ਦੇ ਹਿੰਦੀ ਭਾਸ਼ੀ ਪਿੰਡਾਂ ਦੇ ਨਿਰੀਖਣ ਤੋਂ ਪੈਦਾ ਹੋਈ। ਨਿਰੀਖਣ ਲਈ ਪਹਿਲਾਂ ਤਾਂ ਕੇਂਦਰ ਨੇ ਮੈਥਿਊ ਕਮਿਸ਼ਨ ਕਾਇਮ ਕੀਤਾ ਫਿਰ ਕਈ ਵਾਰ ਉਸ ਦੀ ਮਿਆਦ ਵਧਾਈ ਗਈ। ਜਦੋਂ ਰਿਪੋਰਟ ਮਿਲਣ ਦੀ ਚਰਚਾ ਚੱਲੀ ਤਾਂ 54 ਪਿੰਡਾਂ ਦੀ ਅਨੋਖੀ ਮਰਦਸ਼ੁਮਾਰੀ ਦਾ ਐਲਾਨ ਹੋ ਗਿਆ। ਜਿਵੇਂ ਜਿਵੇਂ 26 ਜਨਵਰੀ ਦਾ ਦਿਨ ਨੇੜੇ ਆ ਰਿਹਾ ਸੀ, ਲੋਕਾਂ ਦੀ ਨਜ਼ਰਾਂ ਤੇ ਕੰਨ ਕਮਿਸ਼ਨ ਦੀ ਰਿਪੋਰਟ 'ਤੇ ਲੱਗੇ ਹੋਏ ਸਨ। 26 ਦੀ ਸਵੇਰ ਨੂੰ ਅਖਬਾਰਾਂ ਵਿਚ ਇਹ ਤਾਂ ਛਪ ਗਿਆ ਕਿ ਕਿੰਨੇ ਪਿੰਡ ਹਿੰਦੀ ਭਾਸ਼ੀ ਹਨ ਪਰ ਇਲਾਕਾਈ ਨੇੜਤਾ ਦਾ ਝਗੜਾ ਹੈ ਜਿਸ ਨੂੰ ਕੇਂਦਰ ਹੀ ਜਾਣੇ। ਇਹ ਕੁਝ ਪਹਿਲਾਂ ਹੋ ਸਕਦਾ ਸੀ ਜਾਂ ਨਹੀਂ। ਸਾਡੇ ਪਿੰਡ ਦੇ ਇਕ ਸਿਆਣੇ ਨੇ ਇਸ ਪ੍ਰਸੰਗ ਵਿਚ ਇਕ ਬੜੀ ਦਿਲਚਸਪ ਗੱਲ ਸੁਣਾਈ।

ਜੀ. ਟੀ. ਰੋਡ ਤੇ ਟਰੈਫਿਕ ਪੁਲੀਸ ਦੇ ਇਕ ਸਿਪਾਹੀ ਨੇ ਇਕ ਟਰੱਕ ਰੋਕ ਲਿਆ। ਇੰਸਪੈਕਟਰ ਆਪਣੇ ਮੋਟਰ ਸਾਈਕਲ 'ਤੇ ਥੋੜ੍ਹੀ ਦੂਰ ਬੈਠਾ ਸੀ। ਜਿਵੇਂ ਦੇਖਦੇ ਹੀ ਹਾਂ, ਸਿਪਾਹੀ ਨੇ ਡਰਾਈਵਰ ਨੂੰ ਗੱਡੀ ਦੇ ਕਾਗਜ਼ ਦਿਖਾਉਣ ਲਈ ਕਿਹਾ। ਕਾਗਜ਼ ਪੂਰੇ ਸਨ। ਕੋਈ ਗੱਲ ਨਾ ਬਣਦੀ ਦੇਖ ਉਸ ਫਿਰ ਲਾਈਸੈਂਸ ਦੀ ਗੱਲ ਕੀਤੀ। ਡਰਾਈਵਰ ਨੇ ਉਹ ਵੀ ਦਿਖਾ ਦਿੱਤਾ, "ਮੂਹਰਲੀਆਂ ਲਾਈਟਾਂ ਜਗਾ" ਸਿਪਾਹੀ ਹਾਰ ਕੇ ਕਾਨੂੰਨੀ ਦਬਾ ਮਾਰਦਾ ਬੋਲਿਆ। ਲਾਈਟਾਂ ਵੀ ਜਗ ਰਹੀਆਂ ਸਨ। ਫਿਰ ਪਿੱਛੇ ਡਿੱਪਰ ਜਗਾਉਣ ਲਈ ਕਿਹਾ। ਉਹ ਵੀ ਸਿਪਾਹੀ ਨੂੰ ਲਾਲ ਅੱਖਾਂ ਵਾਂਗ ਜਗ ਕੇ ਘੂਰਨ ਲੱਗੇ। ਸਿਪਾਹੀ ਨੇ ਖਿਝ ਕੇ ਗੱਡੀ ਖੱਬੇ ਮੁੜਵਾਈ। ਉਹ ਵੀ ਡਰਾਈਵਰ ਨੇ ਮੋੜ ਦਿੱਤੀ। ਅਖੀਰ ਸਿਪਾਹੀ ਬੇਬਸ ਹੋ ਗਿਆ ਤੇ ਡਰਾਈਵਰ ਨੂੰ ਬਾਰੀ ਕੋਲ ਆ ਕੇ ਆਖਣ ਲੱਗਾ, "ਭਾਈ ਸਾਹਿਬ ਮੈਂ ਤੇ ਕੁਝ ਨਹੀਂ ਕਹਿ ਸਕਦਾ ਹੇਠਾਂ ਉਤਰ ਕੇ ਸਾਹਿਬ ਨਾਲ ਗੱਲ ਕਰ ਲੈ।"

ਕੁਝ ਇਸੇ ਤਰ੍ਹਾਂ ਅਜੋਕੇ ਕਮਿਸ਼ਨ ਦੋ-ਟੁਕ ਫੈਸਲਾ ਨਾ ਦੇ ਸਕਣ ਦੀ ਸੂਰਤ ਵਿਚ ਜਨਤਾ ਦੀ ਵਾਗ ਡੋਰ ਕੇਂਦਰ ਦੇ ਹੱਥ ਸੌਂਪ ਦਿੰਦੇ ਹਨ।

ਜੱਜ (ਚੋਰੀ ਦਾ ਅਪਰਾਧ ਕਰਨ ਵਾਲੀ ਲੜਕੀ ਨੂੰ): "ਕੀ ਤੇਰਾ ਵਿਆਹ ਹੋ ਗਿਆ ਹੈ?"

ਲੜਕੀ: "ਜੀ ਹਾਂ।"

ਜੱਜ: "ਕਿਸ ਨਾਲ?"

ਲੜਕੀ: "ਇਕ ਲੜਕੇ ਨਾਲ।"

ਜੱਜ: (ਗੁੱਸੇ ਵਿਚ): ਇਹ ਤਾਂ ਮੈਂ ਵੀ ਜਾਣਦਾ ਹਾਂ। ਕੀ ਕਿਸੇ ਦਾ ਵਿਆਹ ਲੜਕੀ ਨਾਲ ਵੀ ਹੋਇਆ ਹੈ?"

ਲੜਕੀ: "ਜੀ ਹਾਂ, ਮੇਰੇ ਭਰਾ ਦਾ।"

ਨਹੀਂ ਖ਼ਲਕ ਦੀ ਬੰਦ ਜ਼ੁਬਾਂ ਹੁੰਦੀ

—ਸੰਤ ਸੰਧੂ

ਲੌਂਗੋਵਾਲ—

ਮੈਨੂੰ ਆਸ਼ਕ ਆਸ਼ਕ ਨਾ ਆਖੋ, ਮੈਥੋਂ ਖੱਲ ਲੁਹਾਈ ਜਾਣੀ ਨਹੀਂ।

ਦਲ ਤੇ ਜੋਗਿੰਦਰ ਸਿੰਘ—

ਮੇਰੀ ਸੇਜ ਤੇ ਸੌਂ ਗਿਆ ਹਾਣ ਦੀਓ, ਨੀ ਉਹ ਰਾਂਝਣ ਮੱਲੋਜ਼ੋਰੀ।

ਟੋਹੜਾ—

ਤੂੰ ਮੁਖ਼ਬਰ ਬਣਿਆਂ ਡੋਗਰਾ, ਤੇ ਦਿੱਲੀਓਂ ਪੁਲਸ ਚੜ੍ਹੀ।

ਬਲਵੰਤ ਰਾਮੂੰ ਵਾਲੀਆ—

ਮੁਗਲਾਂ ਨੇ ਤੇਰਾ ਸਭ ਕੁਝ ਲੁਟਿਆ, ਓਏ ਵੱਡਿਆ ਬਹਾਦਰਾ।

ਸੰਤ ਭਿੰਡਰਾਂਵਾਲੇ—

ਤੁਸੀਂ ਆਰ ਚੰਨ ਜੀ, ਅਸੀਂ ਪਾਰ ਚੰਨ ਜੀ, ਦਿਤੇ ਨਿੱਤ ਦੇ ਵਿਛੋੜਿਆਂ ਨੇ ਮਾਰ ਚੰਨ ਜੀ।

ਰਾਜੀਵ—

ਤੈਨੂੰ ਜੋਗ ਦੀ ਜ਼ਰਾ ਵੀ ਸਾਰ ਹੈ ਨਾ, ਤੇਰੀ ਉਮਰ ਹੈ ਅਜੇ ਨਾਦਾਨ ਬੇਟਾ।

ਪ੍ਰਕਾਸ਼ ਸਿੰਘ ਬਾਦਲ—

ਦੁੱਧ ਪੀਣੇ ਮਜਨੂੰਆਂ 'ਚੋਂ ਕੋਈ ਵਿਰਲਾ ਜਾਮ ਸ਼ਹਾਦਤ ਪੀਵੇ।

ਹਰਿਮੰਦਰ ਸਾਹਿਬ—

ਸਿਆਲਾਂ ਦੇ ਵਿਹੜੇ ਨਿੰਮ ਜੋ, ਉਹਦੇ ਪੱਤ ਗਏ ਕੁਮਲਾ

ਪੰਜਾਬ —

ਤੇਰਾ ਆਵਾਂ ਪੂਰਨ ਮਾਰ ਕੇ, ਛੰਨਾ ਰੱਤ ਦਾ ਲਵਾਂ ਨਿਚੋੜ।

ਅਕਾਲ ਤਖ਼ਤ—

ਕਾਲਾ ਬੁਰਕਾ ਪਹਿਨ ਕੇ, ਲੂਣਾਂ ਕੋਲ ਖਲੋਤੀ ਆ।

ਫੌਜੀ ਕਾਰਵਾਈ—

ਰਾਜੇ ਹੋਰ ਜ਼ੱਲਾਦ ਨੂੰ, ਲਿਆਏ ਕੋਲ ਬੁਲਾ

ਦਹਿਸ਼ਤ ਬਿੱਲ—

ਨੀ ਹੁਣ ਮੈਂ ਕੀ ਕਰਾਂ, ਆਉਂਦਾ ਪਰੈਣੀ ਕੱਸੀ।

ਮਤਾ ਅਨੰਦਪੁਰ—

—ਨਾਲੇ ਤੇਰੇ ਬੰਦ ਜਾਣਗੇ, ਨਾਲ ਜਾਊਗੀ ਸਾਧ ਦੀ ਲੋਈ।

ਖਾਲਿਸਤਾਨ—

ਸ਼ਾਹ ਮੁਹੰਮਦਾ ਫੱਗਣੋਂ ਤੇਰਵੀਂ ਨੂੰ, ਹਮ ਸ਼ਹਿਰ ਲਹੌਰ ਵਿਚ ਵੜੇਗਾ ਜੀ।

ਅਕਾਲੀ ਜੇਲ੍ਹ ਰਿਹਾਈ—

ਨੀ ਆ ਛਡ ਪੇਕਿਆਂ ਦਾ, ਆਉਣ ਜਾਣ ਦਾ ਭਾੜਾ।

'ਕੇਂਦਰ' ਫਿਰਕੂ ਦੰਗੇ—

ਮਾਤਾ ਮੇਰੀਏ, ਸੀਤਾ ਮੇਰੀ 'ਰਾਵਣ' ਨੇ ਛਲੀ।

ਫਿਰਕੂ ਦੁਫੇੜ —

ਇਹ ਤੇੜ ਨਹੀਂ ਮਿਟਣੀ, ਜਿਥੇ ਰੱਬ ਨੇ ਗੜਾਸੀ ਮਾਰੀ।

ਕਨਿਸ਼ਕ—

ਜਗ ਡਾਰ ਜਨੌਰਾਂ ਦੀ, ਇਕ ਦਿਨ ਕਾਲ ਬਾਜ਼ ਨੇ ਪੈਣਾ।

ਇੱਕਾ ਸ਼ਾਸਨ—

ਬੂਟੇ ਸੁਖਾਂ ਦੇ ਹੋਣੀ ਨੇ ਸਾੜ ਦਿਤੇ, ਹਰੇ ਹੋ ਗਏ, ਦੁਖਾਂ ਦੇ ਰੁੱਖ ਵੀਰਾ।

ਸਤਵੰਤ ਸਿੰਘ

ਮਹਿਲੀਂ ਨਹੀਂ ਸੀ ਜਾਣਾ ਪੂਰਨਾ, ਮਾਵਾਂ ਹੁੰਦੀਆਂ ਮਤੇਈਆਂ ਬੁਰੀਆਂ।



ਫਗਵਾੜਾ ਦੇ ਕਾਲਜ 'ਚ ਝੜਪ — ਕਈ ਫੱਟੜ

ਜਲੰਧਰ — ਇਥੋਂ 22 ਕਿਲੋਮੀਟਰ ਦੂਰ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਵਿਚ ਐਸ. ਐਫ. ਆਈ. ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਵਿਦਿਆਰਥੀਆਂ ਦੇ ਦੋ ਟੋਲਿਆਂ ਵਿਚਾਲੇ ਝੜਪ ਹੋਣ ਕਾਰਨ ਕਈ ਵਿਦਿਆਰਥੀ ਫੱਟੜ ਹੋ ਗਏ। ਫੱਟੜਾਂ ਵਿਚ ਐਸ. ਐਫ. ਆਈ. ਦੀ ਪੰਜਾਬ ਇਕਾਈ ਦਾ ਪ੍ਰਧਾਨ ਮੱਖਣ ਸਿੰਘ ਸੰਧੂ ਸ਼ਾਮਲ ਹੈ। ਪੁਲੀਸ ਅਨੁਸਾਰ ਝੜਪ ਦਾ ਕਾਰਨ ਦੋਹਾਂ ਗਰੁੱਪਾਂ ਵਿਚਾਲੇ ਪੁਰਾਣੀ ਦੁਸ਼ਮਣੀ ਹੈ। ਝੜਪ ਵਿਚ ਕਿਰਪਾਨਾਂ ਦੀ ਖੁਲ੍ਹਕੇ ਵਰਤੋਂ ਕੀਤੀ ਗਈ। ਕੁਝ ਕੁ ਫੱਟੜ ਫਗਵਾੜਾ ਦੇ ਸਿਵਲ ਹਸਪਤਾਲ ਵਿਚ ਦਾਖਲ ਕੀਤੇ ਗਏ। ਕੁਝ ਹੋਰਨਾਂ ਨੂੰ ਮੁੱਢਲੀ ਸਹਾਇਤਾ ਦੇਣ ਪਿਛੋਂ ਡਿਸਚਾਰਜ ਕਰ ਦਿਤਾ ਗਿਆ।

"ਯੂ. ਐਨ. ਆਈ." ਨਾਲ ਗੱਲਬਾਤ ਕਰਦਿਆਂ ਮੱਖਣ ਸਿੰਘ ਸੰਧੂ ਨੇ ਦੋਸ਼ ਲਾਇਆ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁੰਨਾਂ ਦੇ ਇਕ ਟੋਲੇ ਨੇ ਉਸ (ਸੰਧੂ) ਤੇ ਉਸਦੇ ਸਾਥੀਆਂ ਉਤੇ ਕਿਰਪਾਨਾਂ ਤੇ ਲਾਠੀਆਂ ਨਾਲ ਹਮਲਾ ਕਰ ਦਿਤਾ। ਪਰ ਦੂਜੇ ਪਾਸੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਸਵੰਤ ਸਿੰਘ ਦਾ ਕਹਿਣਾ ਸੀ ਕਿ ਪਹਿਲਾਂ ਐਸ. ਐਫ. ਆਈ. ਦੇ ਕਾਰਕੁਨਾਂ ਨੇ ਹੋਸਟਲ ਵਿਚ ਉਸ 'ਤੇ ਹਮਲਾ ਕੀਤਾ। ਮੱਖਣ ਸਿੰਘ ਸੰਧੂ ਦਾ ਦਾਅਵਾ ਸੀ ਕਿ ਉਹ ਤੇ ਉਸਦੇ ਸਾਥੀ ਸਿੱਖ ਫੈਡਰੇਸ਼ਨ ਦੇ ਵਰਕਰਾਂ ਵਲੋਂ ਕਾਲਜ ਨੂੰ ਜ਼ਬਰੀ ਬੰਦ ਕਰਵਾਉਣ ਦੀ ਕਾਰਵਾਈ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਸਨ ਕਿ ਉਨ੍ਹਾਂ ਤੇ ਹਮਲਾ ਕੀਤਾ ਗਿਆ। ਉਨ੍ਹਾਂ ਨੇ ਘਟਨਾ ਦੀ ਨਿਰਪੱਖ ਜਾਂਚ ਕਰਾਉਣ ਅਤੇ ਦੋਸ਼ੀਆਂ ਨੂੰ ਸਜ਼ਾ ਦਿਤੇ ਜਾਣ ਦੀ ਮੰਗ ਕੀਤੀ।

ਖਬਰ ਏਜੰਸੀ "ਪੀ. ਟੀ. ਆਈ." ਅਨੁਸਾਰ ਫੱਟੜਾਂ ਵਿਚ ਪੰਜਾਬ ਜਮਹੂਰੀ ਯੁਵਕ ਸਭਾ ਦਾ ਜਨਰਲ ਸਕੱਤਰ ਸੋਹਣ ਸਿੰਘ ਢੇਸੀ, ਐਸ. ਐਫ. ਆਈ. ਦੀ ਸੂਬਾਈ ਕਮੇਟੀ ਦਾ ਮੈਂਬਰ ਤਾਰਾ ਸਿੰਘ ਉਸਮਾਨਪੁਰੀ ਤੇ ਸਿੱਖ ਫੈਡਰੇਸ਼ਨ ਦਾ ਜਸਵੰਤ ਸਿੰਘ ਸ਼ਾਮਲ ਹਨ। ਦੋਹਾਂ ਗਰੁੱਪਾਂ ਵਿਚਾਲੇ ਮੁਠਭੇੜ ਲਗਭਗ ਇਕ ਘੰਟਾ ਚਲਦੀ ਰਹੀ। ਕਾਲਜ ਦੇ ਪ੍ਰਿੰਸੀਪਲ ਨੂੰ ਵੀ ਮੁਠਭੇੜ ਵਿਚ ਚੋਟਾਂ ਆਈਆਂ

ਭਾਰਤੀ ਕ੍ਰਿਕਟ ਟੀਮ ਨਿਊਜ਼ੀਲੈਂਡ ਹੱਥੋਂ ਵੀ ਹਾਰੀ

ਮੈਲਬਾਰਨ — ਭਾਰਤ ਅਤੇ ਨਿਊਜ਼ੀਲੈਂਡ ਦੀਆਂ ਕ੍ਰਿਕਟ ਟੀਮਾਂ ਵਿਚਾਲੇ ਖੇਡੇ ਗਏ ਇਕ ਰੋਜ਼ਾ ਕੌਮਾਂਤਰੀ ਬੈਨਸਨ ਐਂਡ ਹੈਜੱਜ ਕ੍ਰਿਕਟ ਮੈਚ ਦੌਰਾਨ ਨਿਊਜ਼ੀਲੈਂਡ ਨੇ ਭਾਰਤ ਨੂੰ ਹਰਾ ਦਿੱਤਾ। ਇਹ ਮੈਚ ਬਹੁਤ ਹੀ ਸੰਘਰਸ਼ਪੂਰਨ ਰਿਹਾ ਅਤੇ ਐਨ ਅੰਤਮ ਛਿਣਾਂ ਤੱਕ ਜਿੱਤ-ਹਾਰ ਦੇ ਫੈਸਲੇ ਬਾਰੇ ਕੁਝ ਵੀ ਕਹਿਣਾ ਮੁਸ਼ਕਲ ਨਜ਼ਰ ਆ ਰਿਹਾ ਸੀ।

ਇਸ ਮੈਚ ਵਿਚ ਸਵੇਰੇ ਟਾਸ ਨਿਊਜ਼ੀਲੈਂਡ ਨੇ ਜਿੱਤਿਆ ਅਤੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਲਈ ਆਖਿਆ। ਭਾਰਤੀ ਖਿਡਾਰੀਆਂ ਨੇ 8 ਵਿਕਟਾਂ ਉਤੇ ਮਿਥੇ ਗਏ 50 ਓਵਰਾਂ ਤੋਂ 238 ਦੌੜਾਂ ਬਣਾਈਆਂ।

ਭਾਰਤ ਵਲੋਂ ਮਹਿੰਦਰ ਅਮਰਨਾਥ ਨੇ 74 ਵੈਂਗਸਰਕਰ ਨੇ 43 ਅਤੇ ਕਪਿਲ ਦੇਵ ਨੇ 47 ਦੌੜਾਂ ਬਣਾਈਆਂ। ਚੇਤਨ ਸ਼ਰਮਾ ਨੇ 20 ਦੌੜਾਂ ਬਣਾ ਕੇ ਨਾਟ ਆਊਟ ਰਿਹਾ। ਇਸ ਦੇ ਜਵਾਬ ਵਿਚ ਨਿਊਜ਼ੀਲੈਂਡ ਦੇ ਬੱਲੇਬਾਜ਼ਾਂ ਨੇ ਬੜੀ ਹੀ ਡਰਾਮਈ ਸਥਿਤੀ ਵਿਚ ਅੰਤਮ ਓਵਰ ਦੌਰਾਨ 239 ਦੌੜਾਂ ਬਣਾ ਕੇ ਜਿੱਤ ਲਈ ਲੋੜੀਂਦਾ ਨਿਸ਼ਾਨ ਪਾਰ ਕਰ ਲਿਆ।

News Release

Sikh Education Society will be holding a Youth Camp for boys and girls aged 9-18 years from March 28 to March 30 at Gibson. Camp activities will include hiking, boating, games as well as some instruction in Sikhism.

Cost per youth is $60.00 and includes accommodation, food and Ferry transportation. The Society is providing a subsidy of $15.00 per youth.

Mr. Mohan Grewal may be contacted at 228-0778 for further information and reservations.

J.S. Dhillon
President


ਗਿਆਨੀ ਮੱਲ ਸਿੰਘ ਜੀ


ਗਿਆਨੀ ਮੱਲ ਸਿੰਘ ਗ੍ਰੰਥੀ ਗੁਰੂ ਘਰ ਨਿਊਵੈਸਟ ਗ੍ਰੰਥੀ ਸੇਵਾਵਾਂ ਤੋਂ ਵਿਹਲੇ ਹੋ ਕੇ ਅੱਜ ਕੱਲ੍ਹ ਘਰ ਹੀ ਰਹਿ ਰਹੇ ਹਨ। ਉਨ੍ਹਾਂ ਦੇ ਵਾਕਫ ਜਾਂ ਜਾਣਕਾਰ ਸੱਜਣ ਉਨ੍ਹਾਂ ਨੂੰ ਇਸ ਫੋਨ ਉਤੇ ਸੰਪਰਕ ਕਰ ਸਕਦੇ ਹਨ :

ਫੋਨ : 526-2035

ਸ਼ੋਰ ਝੁਗੀਆਂ ਚੋਂ ਸਦਾ ਉਠਦਾ ਰਿਹਾ।
ਪਰ ਤਮਾਸ਼ਾ ਮਹਿਲਾਂ ਵਿਚ ਹੁੰਦਾ ਰਿਹਾ।

ROKKO SAREES & FABRICS





6201 Fraser Street
VANCOUVER
Tel: 327-3033

When You Buy
One Suit or One Saree
(Any Price)
Save $1.00 with one Coupon

ਜਦੋਂ ਤੁਸੀਂ ਇਕ ਸੂਟ ਜਾਂ ਇਕ ਸਾੜ੍ਹੀ ਖ੍ਰੀਦੋ (ਕਿਸੇ ਵੀ ਕੀਮਤ ਤੇ)

ਇਸ ਕੂਪਨ ਨਾਲ 1.00 ਡਾਲਰ ਬਚਾਓ


This coupon worth $1.00 Off	This coupon worth $1.00 Off	This coupon worth $1.00 Off	This coupon worth $1.00 Off	This coupon worth $1.00 Off
Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver
Offer Expires Wednesday February 12th, 1986	Offer Expires Wednesday February 12th, 1986	Offer Expires Wednesday February 12th, 1986	Offer Expires Wednesday February 12th, 1986	Offer Expires Wednesday February 12th, 1986

One Coupon For One Suit or Saree

ਇਕ ਕੂਪਨ ਇਕ ਸੂਟ ਜਾਂ ਇਕ ਸਾੜ੍ਹੀ ਲਈ

ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ
ਸਕਦੇ ਹੋ

This Coupon is Valid At



ROKKO SAREES & FABRICS
6201 Fraser Street
VANCOUVER
Tel: 327-3033

